ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 21* Issue 129 | Friday, July 01, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6


## ਨਵੇਂ ਕਲੀਨ ਫਿਊਲ ਰੈਗੂਲੇਸ਼ਨਜ਼ ਨਾਲ ਵੱਧ ਜਾਣਗੀਆਂ ਗੈਸ ਦੀਆਂ ਕੀਮਤਾਂ



ਓਟਵਾ, 30 ਜੂਨ (ਪੋਸਟ ਬਿਊਰੋ) : ਗੈਸੋਲੀਨ ਤੇ ਡੀਜ਼ਲ ਤੋਂ ਪੈਦਾ ਹੋਣ ਵਾਲੀਆਂ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਰੋਕਣ ਲਈ ਫੈਡਰਲ ਸਰਕਾਰ ਵੱਲੋਂ ਲਿਆਂਦੀਆਂ ਜਾਣ ਵਾਲੀਆਂ ਰੈਗੂਲੇਸ਼ਨਜ਼ ਨਾਲ 2030 ਤੱਕ ਕੈਨੇਡੀਅਨਜ਼ ਨੂੰ ਪੰਪ ਉੱਤੇ ਪ੍ਰਤੀ ਲੀਟਰ ਗੈਸ ਪਿੱਛੇ 13 ਸੈਂਟ ਹੋਰ ਦੇਣੇ ਪੈਣਗੇ।

ਕਲੀਨ ਫਿਊਲ ਰੈਗੂਲੇਸ਼ਨਜ਼ ਦੇ ਵਿਸ਼ਲੇਸ਼ਕਾਂ ਅਨੁਸਾਰ ਇਸ ਨਾਲ 2030 ਤੱਕ 18 ਮਿਲੀਅਨ ਟੰਨ ਦੇ ਲੱਗਭਗ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਵਿੱਚ ਕਟੌਤੀ ਹੋਵੇਗੀ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਨੂੰ ਉਸ ਸਾਲ ਆਪਣੇ ਮੌਜੂਦਾ ਟੀਚਿਆਂ ਨੂੰ ਪੂਰਾ ਕਰਨ ਦੇ ਹਿਸਾਬ ਨਾਲ ਪੰਜ ਤੋਂ ਛੇ ਫੀ ਸਦੀ ਤੱਕ ਗ੍ਰੀਨ ਹਾਊਸ ਗੈਸਾਂ ਦਾ ਰਿਸਾਅ ਘਟਾਉਣਾ ਹੋਵੇਗਾ।

ਰਿਫਾਈਨਰੀਜ਼ ਤੇ ਹੋਰਨਾਂ ਫਿਊਲ ਸਪਲਾਇਰਜ਼ ਨੂੰ ਇਸ ਟੀਚੇ ਨੂੰ ਪੂਰਾ ਕਰਨ ਲਈ 22.6 ਬਿਲੀਅਨ ਡਾਲਰ ਤੋਂ 46.6 ਬਿਲੀਅਨ ਡਾਲਰ ਦਰਮਿਆਨ ਖਰਚਾ ਕਰਨਾ ਪੈ ਸਕਦਾ ਹੈ। ਇਸ ਨਾਲ 151 ਪ੍ਰਤੀ ਟੰਨ ਰਿਸਾਅ ਘਟੇਗਾ। ਇਸ ਨਾਲ ਪ੍ਰਤੀ ਵ੍ਹੀਕਲ 76 ਡਾਲਰ ਤੇ 174 ਡਾਲਰ ਦਰਮਿਆਨ ਜਾਂ ਹਰ ਘਰ ਪਿੱਛੇ 301 ਡਾਲਰ ਤੱਕ ਖਰਚਾ ਪੈ ਸਕਦਾ ਹੈ। ਇਹ ਵੀ ਆਖਿਆ ਜਾ ਰਿਹਾ ਹੈ ਕਿ ਇਸ ਦਾ ਸੱਭ ਤੋਂ ਵੱਧ ਅਸਰ ਘੱਟ ਆਮਦਨ ਵਾਲੇ ਪਰਿਵਾਰਾਂ ਉੱਤੇ ਪਵੇਗਾ।

# ਬੀਵੀਡੀ ਗਰੁੱਪ ਨੇ ਓਸਲਰ ਫਾਊਂਡੇਸ਼ਨ ਨੂੰ ਦਿੱਤੀ 10 ਮਿਲੀਅਨ ਡਾਲਰ ਦੀ ਡੋਨੇਸ਼ਨ




ਬਰੈਂਪਟਨ, 30 ਜੂਨ (ਪੋਸਟ ਬਿਊਰੋ) : ਵਿਲੀਅਮ ਓਸਲਰ ਹੈਲਥ ਸਿਸਟਮ (ਓਸਲਰ) ਤੇ ਵਿਲੀਅਮ ਓਸਲਰ ਹੈਲਥ ਸਿਸਟਮ ਫਾਊਂਡੇਸ਼ਨ (ਓਸਲਰ ਫਾਊਂਡੇਸ਼ਨ) ਨੂੰ ਬੀਵੀਡੀ ਗਰੁੱਪ ਵੱਲੋਂ 10 ਮਿਲੀਅਨ ਡਾਲਰ ਦੀ ਡੋਨੇਸ਼ਨ ਦਿੱਤੀ ਗਈ। ਇਹ ਰਕਮ ਬਰੈਂਪਟਨ ਤੇ ਇਟੋਬਿਕੋ ਵਿੱਚ ਹੈਲਥ ਕੇਅਰ ਵਿੱਚ ਹੋਰ ਸੁਧਾਰ ਲਿਆਉਣ ਲਈ ਮੁਹੱਈਆ ਕਰਵਾਈ ਜਾ ਰਹੀ ਹੈ।

ਇਹ ਫੰਡ ਬਰੈਂਪਟਨ ਤੇ ਇਟੋਬੀਕੋ ਵਿੱਚ ਆਉਣ ਵਾਲੇ ਕਈ ਸਾਲਾਂ ਤੱਕ ਹੈਲਥ ਕੇਅਰ ਨੂੰ ਹੋਰ ਮਜ਼ਬੂਤ ਬਣਾਉਣ ਲਈ ਕੰਮ ਆਉਣਗੇ। ਇਨ੍ਹਾਂ ਨਾਲ ਆਲ੍ਹਾ ਦਰਜੇ ਦੇ ਆਧੁਨਿਕ ਇਕਿਉਪਮੈਂਟ ਖਰੀਦੇ ਜਾਣਗੇ ਤੇ ਹੈਲਥ ਕੇਅਰ ਦੇ ਮਿਆਰ ਨੂੰ ਸੁਧਾਰਿਆ ਜਾਵੇਗਾ। ਬੀਵੀਡੀ ਗਰੁੱਪ ਨੌਰਥ ਅਮੈਰੀਕਨ ਟਰਾਂਸਪੋਰਟੇਸ਼ਨ ਇੰਡਸਟਰੀ ਵਿੱਚ ਵੱਡਾ ਨਾਂ ਹੈ ਤੇ ਇਸ ਦੀ ਅਗਵਾਈ ਸੀਈਓ ਬਿਕਰਮ ਢਿੱਲੋਂ ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਕੀਤੀ ਜਾਂਦੀ ਹੈ। ਵਿਲੀਅਮ ਓਸਲਰ ਹੈਲਥ ਸਿਸਟਮ ਫਾਊਂਡੇਸ਼ਨ ਦੇ ਪ੍ਰੈਜ਼ੀਡੈਂਟ ਤੇ ਸੀਈਓ ਕੈਨ ਮੇਅਹਿਊ ਨੇ ਆਖਿਆ ਕਿ ਬਿਕਰਮ ਢਿੱਲੋਂ ਤੇ ਉਨ੍ਹਾਂ ਦਾ ਪਰਿਵਾਰ ਸਮੁੱਚੀ ਕਮਿਊਨਿਟੀ ਲਈ ਪ੍ਰੇਰਣਾ ਸਰੋਤ ਹੈ।

ਉਨ੍ਹਾਂ ਦੱਸਿਆ ਕਿ ਬਿਕਰਮ ਢਿੱਲੋਂ 40 ਸਾਲ ਪਹਿਲਾਂ ਕੈਨੇਡਾ ਆਏ ਤੇ ਉਨ੍ਹਾਂ ਬੜੀ ਮਿਹਨਤ ਨਾਲ ਆਪਣੇ ਦਮ ਉੱਤੇ ਬੀਵੀਡੀ ਗਰੁੱਪ ਦਾ ਨਿਰਮਾਣ ਕੀਤਾ। ਇਹ ਗਰੁੱਪ ਅੱਜ ਕੈਨੇਡੀਅਨ ਟਰਾਂਸਪੋਰਟੇਸ਼ਨ ਇੰਡਸਟਰੀ ਦਾ ਥੰਮ੍ਹ ਹੈ। ਹੁਣ ਉਹ ਆਪਣੇ ਪਰਿਵਾਰ ਨਾਲ ਰਲ ਕੇ ਸਾਡੀਆਂ ਕਮਿਊਨਿਟੀਜ਼ ਦੀ ਹੁਣ ਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਭਲਾਈ ਲਈ ਕੰਮ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਐਨੀ ਫਰਾਖ਼ਦਿਲੀ ਨਾਲ ਡੋਨੇਸ਼ਨ ਦੇਣ ਲਈ ਅਸੀਂ ਸ੍ਰੀ ਢਿੱਲੋਂ, ਉਨ੍ਹਾਂ ਦੇ ਪਰਿਵਾਰ ਅਤੇ ਬੀਵੀਡੀ ਗਰੁੱਪ ਦੇ ਬਹੁਤ ਸ਼ੁਕਰਗੁਜ਼ਾਰ ਹਾਂ।

ਉਨ੍ਹਾਂ ਅੱਗੇ ਦੱਸਿਆ ਕਿ ਬਰੈਂਪਟਨ ਤੇ ਇਟੋਬੀਕੋ ਵਿੱਚ ਹੈਲਥ ਕੇਅਰ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਦੇ ਇਰਾਦੇ ਨਾਲ ਪੀਲ ਮੈਮੋਰੀਅਲ ਸੈਂਟਰ ਫੌਰ ਇੰਟੇਗ੍ਰੇਟਿਡ ਹੈਲਥ ਐਂਡ ਵੈੱਲਨੈੱਸ (ਪੀਲ ਮੈਮੋਰੀਅਲ) ਨੂੰ ਬਰੈਂਪਟਨ ਦਾ ਦੂਜਾ ਹਸਪਤਾਲ ਬਣਾਇਆ ਜਾਵੇਗਾ। ਇਸ ਨਵੇਂ ਪੀਲ ਮੈਮੋਰੀਅਲ ਵਿੱਚ ਬਹੁ-ਮੰਜ਼ਿਲਾ ਪੇਸ਼ੈਂਟ ਟਾਵਰ ਹੋਵੇਗਾ, ਮਰੀਜ਼ਾਂ ਲਈ ...ਬਾਕੀ ਪੰਨਾ 6 'ਤੇ



ਪੰਜਾਬੀ ਪੋਸਟ ਅਦਾਰੇ ਵੱਲੋਂ ਸਮੂਹ ਕੈਨੇਡਾ ਵਾਸੀਆਂ ਤੇ ਕਾਰੋਬਾਰੀਆਂ ਨੂੰ ਕੈਨੇਡਾ ਡੇਅ ਦੀਆਂ ਲੱਖ ਲੱਖ ਮੁਬਾਰਕਾਂ। ਅਦਾਰਾ ਇਹ ਕਾਮਨਾ ਕਰਦਾ ਹੈ ਕਿ ਆਉਣ ਵਾਲਾ ਸਮਾਂ ਸਾਰਿਆਂ ਲਈ ਖ਼ੁਸ਼ੀਆਂ ਤੇ ਤਰੱਕੀਆਂ ਵਾਲਾ ਹੋਵੇ ।

### ਪੰਜਾਬੀ ਪੋਸਟ ਸੰਪਾਦਕੀ

## ਪੀਲ ਖੇਤਰ ਨੂੰ ਉਂਟੇਰੀਓ ਵਜ਼ਾਰਤ ਵਿੱਚ ਬਣਦੀ ਨੁਮਾਇੰਦਗੀ - ਸਹੀ ਕਦਮ




ਬੀਤੇ ਦਿਨਾਂ ਵਿੱਚ ਉਂਟੇਰੀਓ ਪ੍ਰੀਮੀਅਰ ਡੱਗ ਫੋਰਡ ਦੁਆਰਾ ਆਪਣੀ ਵਜ਼ਾਰਤ ਦਾ ਗਠਨ ਅਤੇ ਮੰਤਰੀਆਂ ਦੇ ਕੰਮਕਾਜ਼ ਵਿੱਚ ਬਣਦੀ ਮਦਦ ਦੇਣ ਲਈ ਪਾਰਲੀਮਾਨੀ ਅਸਿਸਟੈਂਟਾਂ ਦੀ ਨਿਯੁਕਤੀ ਚਰਚਾ ਦਾ ਵਿਸ਼ਾ ਰਹੀ ਹੈ। ਨਵੀਨ ਵਜ਼ਾਰਤ ਵਿੱਚ ਜਿਸ ਤਰੀਕੇ ਪੀਲ ਖੇਤਰ ਨੂੰ ਨੁਮਾਇੰਦਗੀ ਦਿੱਤੀ ਗਈ ਹੈ, ਉਸ ਨਾਲ ਕਈ ਨਵੀਆਂ ਸੰਭਾਵਨਾਵਾਂ ਪੈਦਾ ਹੁੰਦੀਆਂ ਵਿਖਾਈ ਦੇਂਦੀਆਂ ਹਨ। ਉਂਟੇਰੀਓ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਪਰਵਾਸੀਆਂ ਦੀ ਭਰਮਾਰ ਵਾਲੇ ਇਸ ਖੇਤਰ (ਮਿਸੀਸਾਗਾ, ਬਰੈਂਪਟਨ ਅਤੇ ਕੈਲੀਡਾਨ) ਨੂੰ ਸਹੀ ਨੁਮਾਇੰਦਗੀ ਮਿਲੀ ਹੈ। ਅੱਜ ਬਰੈਂਪਟਨ ਤੋਂ ਚੁਣੇ ਗਏ ਪੰਜ ਦੇ ਪੰਜ ਐਮ ਪੀ ਪੀਆਂ ਦੇ ਹੱਥ ਸਰਕਾਰ ਦੀ ਕਾਰਜਪ੍ਰਣਾਲੀ ਵਿੱਚ ਯੋਗਦਾਨ ਪਾਉਣ ਦਾ ਅਵਸਰ ਹੈ। ਜਿੱਥੇ ਪ੍ਰਭਮੀਤ ਸਿੰਘ ਸਰਕਾਰੀਆ ਨੂੰ ਟਰਜ਼ਰੀ ਬੋਰਡ (Treasury Board) ਦਾ ਪ੍ਰੈਜ਼ੀਡੈਂਟ ਬਣਾਇਆ ਗਿਆ ਹੈ, ਉੱਥੇ ਵਿਲੀਅਮਜ਼




ਸ਼ਾਰਮੇਨ ਨੂੰ ਔਰਤਾਂ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਦੀ ਸਹਾਇਕ ਮੰਤਰੀ ਨਿਯੁਕਤ ਕਰਕੇ ਦੋ ਮੰਤਰੀ ਬਰੈਂਪਟਨ ਤੋਂ ਲਾਏ ਗਏ ਹਨ। ਬਰੈਂਪਟਨ ਲਈ ਇਹ ਕੋਈ ਛੋਟੀ ਉਪਲਬਧੀ ਨਹੀਂ ਹੈ।

ਐਨਾ ਹੀ ਨਹੀਂ, ਬਰੈਂਪਟਨ ਤੋਂ ਚੁਣੇ ਗਏ ਬਾਕੀ ਦੇ ਤਿੰਨ ਐਮ ਪੀ ਪੀਆਂ ਨੂੰ ਵੱਖੋ ਵੱਖਰੇ ਮਹਿਕਮਿਆਂ ਦਾ ਪਾਰਲੀਮਾਨੀ ਅਸਿਸਟੈਂਟ ਲਾ ਕੇ ਸ਼ਹਿਰ ਦੀ ਸਿਆਸੀ ਅਹਿਮੀਅਤ ਨੂੰ ਕਬੂਲਿਆ ਗਿਆ ਹੈ। ...ਬਾਕੀ ਪੰਨਾ 6 'ਤੇ

## ਗੋਲੀ ਮਾਰਨ ਕਾਰਨ ਬੱਚੇ ਨੂੰ ਲਿਜਾ ਰਹੀ ਮਹਿਲਾ ਦੀ ਹੋਈ ਮੌਤ

ਨਿਊ ਯੌਰਕ, 30 ਜੂਨ (ਪੋਸਟ ਬਿਊਰੋ) : ਨਿਊ ਯੌਰਕ ਦੀ ਅੱਪਰ ਈਸਟ ਸਾਈਡ ਵਿੱਚ ਆਪਣੀ ਨਿੱਕੀ ਬੱਚੀ ਨੂੰ ਸਟਰੋਲਰ ਵਿੱਚ ਲਿਜਾ ਰਹੀ ਇੱਕ 20 ਸਾਲਾ ਮਹਿਲਾ ਨੂੰ ਬੁੱਧਵਾਰ ਰਾਤ ਨੂੰ ਗੋਲੀ ਮਾਰ ਦਿੱਤੀ ਗਈ, ਜਿਸ ਕਾਰਨ ਉਸ ਦੀ ਮੌਤ ਹੋ ਗਈ।

ਇਸ ਮਹਿਲਾ ਨੂੰ ਜਦੋਂ ਗੋਲੀ ਮਾਰੀ ਗਈ



ਤਾਂ ਉਹ ਲੈਗਜ਼ਿੰਗਟਨ ਐਵਨਿਊ ਤੇ 95ਥ ਸਟਰੀਟ ਦੇ ਲਾਂਘੇ ਨੇੜੇ ਜਾ ਰਹੀ ਸੀ। ਪੁਲਿਸ ਵੱਲੋਂ ਦਿੱਤੇ ਗਏ ਬਿਆਨ ਅਨੁਸਾਰ ਇਹ ਘਟਨਾ ਰਾਤੀਂ 8:30 ਵਜੇ ਵਾਪਰੀ। ਉਸ ਨੂੰ ਮੈਟਰੋਪੌਲੀਟਨ ਹਾਸਪਿਟਲ ਸੈਂਟਰ ਲਿਜਾਇਆ ਗਿਆ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਪੁਲਿਸ ਨੇ ਦੱਸਿਆ ਕਿ 3 ਮਹੀਨੇ ਦੀ ਬੱਚੀ ਨੂੰ ਕੋਈ ਸੱਟ ਫੇਟ ਨਹੀਂ ਲੱਗੀ ਪਰ ਉਸ ਨੂੰ ਮੈਡੀਕਲ ਜਾਂਚ ਲਈ ਹਸਪਤਾਲ ਲਿਜਾਇਆ ਗਿਆ। ਸਿਟੀ ਕਾਊਂਸਲ ਦੀ ਮੈਂਬਰ ਜੂਲੀ ਮੈਨਿਨ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇਹ ਮਹਿਲਾ ਹੀ ਉਸ ਨਿੱਕੇ ਬੱਚੇ ਦੀ ਮਾਂ ਸੀ। ਉਸ ਦੀ ਪਛਾਣ ਅਜੇ ਜ਼ਾਹਿਰ ਨਹੀਂ ਕੀਤੀ ਗਈ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਟਰੂਡੋ ਨੇ ਹੋਰ ਕੈਨੇਡੀਅਨ ਸੈਨਿਕ ਲੈਟਵੀਆ ਭੇਜਣ ਦਾ ਕੀਤਾ ਵਾਅਦਾ



ਮੈਡਰਿਡ, 30 ਜੂਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀਰਵਾਰ ਨੂੰ ਆਖਿਆ ਕਿ ਨਾਟੋ ਫੌਜਾਂ ਦੀ ਮਦਦ ਲਈ ਪ੍ਰਗਟਾਏ ਗਏ ਤਹੱਈਏ ਤਹਿਤ ਕੈਨੇਡਾ ਹੋਰ ਫੌਜੀ ਟੁਕੜੀਆਂ ਲੈਟਵੀਆ ਭੇਜੇਗਾ।

ਕੈਨੇਡਾ ਦੀ ਅਗਵਾਈ ਵਾਲੀਆਂ ਨਾਟੋ ਫੌਜੀ ਟੁਕੜੀਆਂ ਵਿੱਚ ਲੱਗਭਗ 2,000 ਸੈਨਿਕ ਹੋਣਗੇ, ਜਿਨ੍ਹਾਂ ਵਿੱਚੋਂ 700 ਕੈਨੇਡੀਅਨ ਹੋਣਗੇ। ਇਹ ਫੌਜੀ ਟੁਕੜੀ ਅੱਠ ਅਜਿਹੀਆਂ ਯੂਨਿਟ ਵਿੱਚੋਂ ਇੱਕ ਹੋਵੇਗੀ ਜਿਹੜੀ ਪੂਰਬੀ ਯੂਰਪ ਵਿੱਚ ਸਥਿਤ ਹੋਵੇਗੀ ਤੇ ਕਿਸੇ ਵੀ ਤਰ੍ਹਾਂ ਦੇ ਰੂਸੀ ਹਮਲੇ ਨੂੰ ਰੋਕਣ ਤੇ ਉਸ ਨੂੰ ਨਾਕਾਮ ਕਰਨ ਲਈ ਪੂਰੀ ਤਰ੍ਹਾਂ ਲੈਸ ਹੋਵੇਗੀ।

ਜ਼ਿਕਰਯੋਗ ਹੈ ਕਿ ਬੁੱਧਵਾਰ ਨੂੰ ਨਾਟੋ ਸਿਖਰ ਵਾਰਤਾ ਦੌਰਾਨ ਵੱਖਰੇ ਤੌਰ ਉੱਤੇ ਕੀਤੇ ਗਏ ਇੱਕ ਸਮਝੌਤੇ ਤਹਿਤ ਕੈਨੇਡਾ ਨੇ ਜੰਗ ਵਿੱਚ ਲੜਨ ਵਾਲੇ ਇੱਕ ਗਰੁੱਪ ਨੂੰ ਬ੍ਰਿਗੇਡ ਵਜੋਂ ਅਪਗ੍ਰੇਡ ਕਰਨ ਦਾ ਵਾਅਦਾ ਕੀਤਾ। ਜਿਸ ਤਹਿਤ ...ਬਾਕੀ ਪੰਨਾ 6 'ਤੇ


AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX | 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL (Government Approved Licensed Technician)
416 938 4598

Law Office of Aman Sharma
Real Estate
Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


Happy Canada Day!
OUR AFFORDABILITY PLAN
A Housing Affordability Payment
Affordable Early Learning and Child Care
10% Increase to Old Age Security
Dental Care for Canadians
Benefits That Are Indexed to Inflation
Enhancing the Canada Workers Benefit
RUBY SAHOTA
Member of Parliament - Brampton North
@rubysahotalib
CONTACT US
50 Sunny Meadow Blvd, Suite 306, Brampton
905-840-0505
Ruby.Sahota@parl.gc.ca


EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER
chatr™
AUTHORIZED DEALER
1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379
See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਬੀਸੀ ਦੇ ਬੈਂਕ ਵਿੱਚ ਡਾਕਾ ਮਾਰਨ ਦੀ ਕੋਸ਼ਿਸ਼ ਹੋਈ ਨਾਕਾਮ

## ਦੋ ਮਸ਼ਕੂਕ ਹਲਾਕ, 6 ਪੁਲਿਸ ਅਧਿਕਾਰੀ ਜ਼ਖ਼ਮੀ



ਸਾਨਿਚ, 30 ਜੂਨ (ਪੋਸਟ ਬਿਊਰੋ) : ਸਾਨਿਚ, ਬੀਸੀ ਦੇ ਇੱਕ ਬੈਂਕ ਵਿੱਚ ਮੰਗਲਵਾਰ ਨੂੰ ਡਾਕਾ ਮਾਰਨ ਦੀ ਕੋਸ਼ਿਸ਼ ਉਸ ਸਮੇਂ ਨਾਕਾਮ ਹੋ ਗਈ ਜਦੋਂ ਮੌਕੇ ਉੱਤੇ ਪੁਲਿਸ ਪਹੁੰਚ ਗਈ। ਇਸ ਦੌਰਾਨ ਹੋਏ ਮੁਕਾਬਲੇ ਵਿੱਚ ਦੋ ਮਸ਼ਕੂਕ ਮਾਰੇ ਗਏ ਜਦਕਿ 6 ਪੁਲਿਸ ਅਧਿਕਾਰੀ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਏ।

ਸਵੇਰੇ 11:00 ਵਜੇ ਸ਼ੈਲਬਰਨ ਸਟਰੀਟ ਦੇ 3600 ਬਲਾਕ ਵਿੱਚ ਸਥਿਤ ਇੱਕ ਬੈਂਕ ਵਿੱਚ ਹਥਿਆਰਬੰਦ ਮਸ਼ਕੂਕਾਂ ਦੇ ਮੌਜੂਦ ਹੋਣ ਦੀ ਖਬਰ ਮਿਲਣ ਸਾਰ ਸਾਨਿਚ ਪੁਲਿਸ, ਵਿਕਟੋਰੀਆ ਪੁਲਿਸ ਤੇ ਗ੍ਰੇਟਰ ਵਿਕਟੋਰੀਆ ਐਮਰਜੰਸੀ ਰਿਸਪਾਂਸ ਟੀਮ (ਜੀਵੀਈਆਰਟੀ) ਮੌਕੇ ਉੱਤੇ ਪਹੁੰਚ ਗਈ। ਸਾਨਿਚ ਤੇ ਵਿਕਟੋਰੀਆ ਪੁਲਿਸ ਡਿਪਾਰਟਮੈਂਟਸ ਵੱਲੋਂ ਜਾਰੀ ਕੀਤੇ ਸਾਂਝੇ ਬਿਆਨ ਅਨੁਸਾਰ ਪੁਲਿਸ ਨੂੰ ਵੇਖ ਕੇ ਹਥਿਆਰਬੰਦ ਮਸ਼ਕੂਕਾਂ ਨੇ ਪੁਲਿਸ ਉੱਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਜਵਾਬੀ ਕਾਰਵਾਈ ਵਿੱਚ ਪੁਲਿਸ ਵੱਲੋਂ ਚਲਾਈਆਂ ਗੋਲੀਆਂ ਵਿੱਚ ਦੋਵੇਂ ਮਸ਼ਕੂਕ ਮਾਰੇ ਗਏ।

ਇਸ ਸਾਂਝੇ ਬਿਆਨ ਅਨੁਸਾਰ ਇਸ ਦੌਰਾਨ ਕਿਸੇ ਵੀ ਬੈਂਕ ਮੁਲਾਜ਼ਮ ਜਾਂ ਕਸਟਮਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ। ਜ਼ਖ਼ਮੀ ਹੋਏ ਛੇ ਪੁਲਿਸ ਅਧਿਕਾਰੀਆਂ ਵਿੱਚੋਂ ਤਿੰਨ ਸਾਨਿਚ ਪੁਲਿਸ ਡਿਪਾਰਟਮੈਂਟ ਦੇ ਮੈਂਬਰ ਸਨ ਜਦਕਿ ਬਾਕੀ ਤਿੰਨ ਵਿਕਟੋਰੀਆ ਪੁਲਿਸ ਡਿਪਾਰਟਮੈਂਟ ਦੇ ਮੈਂਬਰ ਸਨ।

# ਈਟਨ ਸੈਂਟਰ ਦੇ ਬਾਹਰ ਛੁਰੇਬਾਜ਼ੀ ਵਿੱਚ ਇੱਕ ਗੰਭੀਰ ਜ਼ਖ਼ਮੀ



ਟੋਰਾਂਟੋ, 30 ਜੂਨ (ਪੋਸਟ ਬਿਊਰੋ) : ਡਾਊਨਟਾਊਨ ਟੋਰਾਂਟੋ ਵਿੱਚ ਈਟਨ ਸੈਂਟਰ ਦੇ ਬਾਹਰ ਹੋਈ ਤਕਰਾਰ ਤੋਂ ਬਾਅਦ ਇੱਕ ਵਿਅਕਤੀ ਨੂੰ ਚਾਕੂ ਮਾਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਗਿਆ। ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਹੈ।

ਮੰਗਲਵਾਰ ਸ਼ਾਮੀਂ 7:20 ਵਜੇ ਐਮਰਜੰਸੀ ਅਮਲੇ ਨੂੰ ਯੌਂਗ ਸਟਰੀਟ ਤੇ ਡੰਡਸ ਸਟਰੀਟ ਦੇ ਦੱਖਣਪੱਛਮੀ ਕੌਰਨਰ ਉੱਤੇ ਸੱਦਿਆ ਗਿਆ। ਟੋਰਾਂਟੋ ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਈਟਨ ਸੈਂਟਰ ਦੇ ਬਾਹਰ ਕੁੱਝ ਵਿਅਕਤੀਆਂ ਵਿੱਚ ਕਿਸੇ ਗੱਲ ਪਿੱਛੇ ਲੜਾਈ ਹੋ ਗਈ। ਉਨ੍ਹਾਂ ਦੱਸਿਆ ਕਿ ਲੜਾਈ ਕਰਦੇ ਕਰਦੇ ਦੋ ਵਿਅਕਤੀ ਥੋੜ੍ਹੀ ਦੂਰ ਚਲੇ ਗਏ ਤੇ ਉੱਥੇ ਹੀ ਛੁਰੇਬਾਜ਼ੀ ਦੀ ਘਟਨਾ ਵਾਪਰੀ। ਬੁਲਾਰੇ ਨੇ ਇਹ ਵੀ ਦੱਸਿਆ ਕਿ ਜ਼ਖ਼ਮੀ ਵਿਅਕਤੀ ਉੱਤੇ ਚਾਕੂ ਨਾਲ ਕਈ ਵਾਰ ਕੀਤੇ ਗਏ। ਟੋਰਾਂਟੋ ਪੈਰਾਮੈਡਿਕਸ ਦੇ ਬੁਲਾਰੇ ਨੇ ਦੱਸਿਆ ਕਿ ਨਾਜ਼ੁਕ ਹਾਲਤ ਵਿੱਚ ਉਸ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ। ਇਸ ਦੌਰਾਨ ਇੱਕ ਮਸ਼ਕੂਕ ਨੂੰ ਗ੍ਰਿਫਤਾਰ ਕਰ ਲਿਆ ਗਿਆ। ਅਜੇ ਤੱਕ ਇਹ ਸਪਸ਼ਟ ਨਹੀਂ ਹੋਇਆ ਕਿ ਉਸ ਉੱਤੇ ਕੀ ਚਾਰਜਿਜ਼ ਲਾਏ ਜਾਣਗੇ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਫੋਰਡ ਸਰਕਾਰ ਨੇ ਗੈਸ ਤੇ ਫਿਊਲ ਟੈਕਸ ਵਿੱਚ ਕਟੌਤੀ ਦਾ ਕੀਤਾ ਐਲਾਨ

ਟੋਰਾਂਟੋ, 30 ਜੂਨ (ਪੋਸਟ ਬਿਊਰੋ) : ਓਨਟਾਰੀਓ ਦੇ ਪਰਿਵਾਰਾਂ ਤੇ ਕਾਰੋਬਾਰਾਂ ਲਈ ਗੈਸ ਦੀਆਂ ਕੀਮਤਾਂ ਘੱਟ ਰੱਖਣ ਦੇ ਪਲੈਨ ਨੂੰ ਅਮਲੀ ਰੂਪ ਦਿੰਦਿਆਂ ਹੋਇਆਂ ਓਨਟਾਰੀਓ ਸਰਕਾਰ ਵੱਲੋਂ ਗੈਸ ਟੈਕਸ ਵਿੱਚ 5.7 ਸੈਂਟ ਪ੍ਰਤੀ ਲੀਟਰ ਅਤੇ ਫਿਊਲ ਟੈਕਸ ਵਿੱਚ 5.3 ਸੈਂਟ ਪ੍ਰਤੀ ਲੀਟਰ ਕਟੌਤੀ ਕਰਨ ਦਾ ਐਲਾਨ ਕੀਤਾ ਗਿਆ ਹੈ। ਇਹ ਫੈਸਲਾ ਪਹਿਲੀ ਜੁਲਾਈ ਤੋਂ ਲਾਗੂ ਹੋ ਕੇ ਅਗਲੇ ਛੇ ਮਹੀਨਿਆਂ ਲਈ ਜਾਰੀ ਰਹੇਗਾ।




ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਓਨਟਾਰੀਓ ਵਾਸੀਆਂ ਨੂੰ ਰਾਹਤ ਦੇਣ ਤੋਂ ਵੱਡੀ ਅਹਿਮ ਗੱਲ ਹੋਰ ਕੋਈ ਨਹੀਂ ਹੋ ਸਕਦੀ। ਮਿਹਨਤਕਸ਼ ਪਰਿਵਾਰਾਂ ਤੇ ਕਾਰੋਬਾਰਾਂ ਲਈ ਗੈਸ ਟੈਕਸ ਵਿੱਚ ਕਟੌਤੀ ਰਾਹੀ ਵੱਡੀ ਰਾਹਤ ਦੇਣਾ ਉਨ੍ਹਾਂ ਦਾ ਮੁੱਖ ਟੀਚਾ ਸੀ ਜਿਸ ਨੂੰ ਉਨ੍ਹਾਂ ਵੱਲੋਂ ਪੂਰਾ ਕੀਤਾ ਜਾ ਰਿਹਾ ਹੈ। ਪਹਿਲੀ ਜੁਲਾਈ ਤੋਂ ਸ਼ੁਰੂ ਹੋ ਕੇ 31 ਦਸੰਬਰ, 2022 ਤੱਕ ਜਾਰੀ ਰਹਿਣ ਵਾਲੇ ਇਸ ਫੈਸਲੇ ਤਹਿਤ ਗੈਸ ਟੈਕਸ ਰੇਟ 14.7 ਸੈਂਟ ਪ੍ਰਤੀ ਲੀਟਰ ਤੋਂ ਘੱਟ ਕੇ 9 ਸੈਂਟ ਪ੍ਰਤੀ ਲੀਟਰ ਤੇ ਫਿਊਲ ਟੈਕਸ, ਜੋ ਡੀਜ਼ਲ ਉੱਤੇ ਲਾਗੂ ਹੁੰਦਾ ਹੈ, 14.3 ਸੈਂਟ ਪ੍ਰਤੀ ਲੀਟਰ ਤੋਂ ਘੱਟ ਕੇ 9 ਸੈਂਟ ਪ੍ਰਤੀ ਲੀਟਰ ਹੋ ਜਾਵੇਗਾ।

ਗੈਸ ਟੈਕਸ ਕਟੌਤੀ ਅਤੇ ਲਾਇਸੰਸ ਪਲੇਟ ਰਨਿਊਲ ਫੀਸ ਖ਼ਤਮ ਕੀਤੇ ਜਾਣ ਨਾਲ ਓਨਟਾਰੀਓ ਦੇ ਲੋਕਾਂ ਨੂੰ ਸਿੱਧੀ ਬਚਤ ਹੋਵੇਗੀ। ਇਸ ਨਾਲ ਇੱਕ ਆਮ ਪਰਿਵਾਰ ਨੂੰ 2022 ਵਿੱਚ 465 ਡਾਲਰ ਦੀ ਬਚਤ ਹੋ ਸਕੇਗੀ। ਇਸ ਮੌਕੇ ਵਿੱਤ ਮੰਤਰੀ ਪੀਟਰ ਬੈਥਲਨਫੈਲਵੀ ਨੇ ਆਖਿਆ ਕਿ ਲੋਕ ਤੇ ਕਾਰੋਬਾਰੀਆਂ ਨੂੰ ਗੈਸ ਦੀਆਂ ਉੱਚੀਆਂ ਕੀਮਤਾਂ ਤੇ ਗ੍ਰੌਸਰੀ ਦੇ ਵੱਡੇ ਬਿੱਲਾਂ ਕਾਰਨ ਕਾਫੀ ਸੇਕ ਮਹਿਸੂਸ ਹੋ ਰਿਹਾ ਸੀ। ਸਾਡੀ ਸਰਕਾਰ ਗੈਸ ਤੇ ਫਿਊਲ ਟੈਕਸ ਵਿੱਚ ਕਟੌਤੀ ਕਰਕੇ ਸਥਾਨਕ ਲੋਕਾਂ ਦਾ ਮਿਹਨਤ ਨਾਲ ਕਮਾਇਆ ਪੈਸਾ ਮੁੜ ਉਨ੍ਹਾਂ ਦੀ ਜੇਬ੍ਹ ਵਿੱਚ ਪਾਉਣਾ ਚਾਹੁੰਦੀ ਹੈ।

ਇਸ ਦੌਰਾਨ ਟਰਾਂਸਪੋਰਟੇਸ਼ਨ ਮੰਤਰੀ ਕੈਰੋਲੀਨ ਮਲਰੋਨੀ ਨੇ ਆਖਿਆ ਕਿ ਜਿਸ ਸਮੇਂ ਰਹਿਣ ਸਹਿਣ ਲਈ ਕੀਮਤਾਂ ਅਸਮਾਨੋਂ ਪਾਰ ਪਹੁੰਚ ਚੁੱਕੀਆਂ ਹਨ ਅਜਿਹੇ ਵਿੱਚ ਸਾਡੀ ਸਰਕਾਰ ਗੈਸ ਤੇ ਫਿਊਲ ਟੈਕਸ ਵਿੱਚ ਕਟੌਤੀ ਕਰਕੇ, ਲਾਇਸੰਸ ਪਲੇਟ ਸਟਿੱਕਰਜ਼ ਤੇ ਰਨਿਊਅਲ ਫੀਸ ਹਟਾ ਕੇ, ਹਾਈਵੇਅ 412 ਤੇ 418 ਤੋਂ ਟੋਲ ਹਟਾ ਕੇ ਲੋਕਾਂ ਨੂੰ ਵੱਡੀ ਰਾਹਤ ਦੇਣ ਵਿੱਚ ਲੱਗੀ ਹੋਈ ਹੈ।

# ਨੋਵਾ ਸਕੋਸ਼ੀਆ ਮਾਸ ਸ਼ੂਟਿੰਗ ਮਾਮਲੇ ਵਿੱਚ ਬਲੇਅਰ ਵੱਲੋਂ ਦਬਾਅ ਪਾਏ ਜਾਣ ਦਾ ਲੱਕੀ ਨੇ ਕੀਤਾ ਸੀ ਦਾਅਵਾ

ਹੈਲੀਫੈਕਸ, 30 ਜੂਨ (ਪੋਸਟ ਬਿਊਰੋ) : ਆਰਸੀਐਮਪੀ ਦੀ ਕਮਿਊਨਿਕੇਸ਼ਨਜ਼ ਮੈਨੇਜਰ ਵੱਲੋਂ ਜਾਰੀ ਕੀਤੇ ਗਏ ਇੱਕ ਪੱਤਰ ਵਿੱਚ ਆਖਿਆ ਗਿਆ ਹੈ ਕਿ ਨੋਵਾ ਸਕੋਸ਼ੀਆ ਦੀ ਮਾਸ ਸ਼ੂਟਿੰਗ ਤੋਂ ਬਾਅਦ ਵਾਲੇ ਦਿਨਾਂ ਵਿੱਚ ਆਰਸੀਐਮਪੀ ਦੀ ਕਮਿਸ਼ਨਰ ਬ੍ਰੈਂਡਾ ਲੱਕੀ ਨੇ ਹਥਿਆਰਾਂ ਸਬੰਧੀ ਵੇਰਵਾ ਜਾਰੀ ਕਰਨ ਲਈ ਫੈਡਰਲ ਪਬਲਿਕ ਸੇਫਟੀ ਮੰਤਰੀ ਵੱਲੋਂ ਦਬਾਅ ਪਾਏ ਜਾਣ ਦੀ ਗੱਲ ਕਬੂਲੀ ਸੀ।



22 ਲੋਕਾਂ ਦੇ ਮਾਰੇ ਜਾਣ ਤੋਂ ਲੱਗਭਗ ਇੱਕ ਸਾਲ ਬਾਅਦ 14 ਅਪਰੈਲ, 2021 ਨੂੰ ਲੀਆ ਸਕੈਨਲੈਨ ਵੱਲੋਂ ਜਾਰੀ ਕੀਤੇ ਗਏ ਪੱਤਰ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਆਰਸੀਐਮਪੀ ਆਗੂ ਵੱਲੋਂ ਜਦੋਂ 28 ਅਪਰੈਲ, 2020 ਵਿੱਚ ਇੱਕ ਕਾਨਫਰੰਸ ਕਾਲ ਦੌਰਾਨ ਹੈਲੀਫੈਕਸ ਦੇ ਸਟਾਫ ਦੀ ਨੁਕਤਾਚੀਨੀ ਕੀਤੀ ਗਈ ਤਾਂ ਉਸ ਸਮੇਂ ਉਸ ਦਾ ਸਾਰਾ ਧਿਆਨ ਹਥਿਆਰਾਂ ਸਬੰਧੀ ਬਿੱਲ ਨੂੰ ਪਾਸ ਕਰਵਾਉਣ ਦੇ ਲਿਬਰਲ ਸਰਕਾਰ ਦੇ ਏਜੰਡੇ ਵੱਲ ਲੱਗਿਆ ਹੋਇਆ ਸੀ। ਇਸ ਤੋਂ ਕਈ ਘੰਟੇ ਪਹਿਲਾਂ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਸੁਪਰਡੈਂਟ ਡੈਰਨ ਕੈਂਪਬੈਲ ਵੱਲੋਂ ਹਮਲਾਵਰ ਵੱਲੋਂ ਵਰਤੀਆਂ ਗਈਆਂ ਗੰਨਜ਼ ਬਾਰੇ ਵੇਰਵੇ ਦੇਣ ਤੋਂ ਇਹ ਕਹਿੰਦਿਆਂ ਹੋਇਆਂ ਇਨਕਾਰ ਕਰ ਦਿੱਤਾ ਗਿਆ ਸੀ ਕਿ ਇਸ ਨਾਲ ਜਾਂਚ ਵਿੱਚ ਦਖਲਅੰਦਾਜ਼ੀ ਹੋਵੇਗੀ। ਅਪਰੈਲ 18-19, 2020 ਨੂੰ ਹੋਈ ਮਾਸ ਸ਼ੂਟਿੰਗ ਸਬੰਧੀ ਸ਼ੁਰੂ ਕੀਤੀ ਗਈ ਜਨਤਕ ਜਾਂਚ ਦੌਰਾਨ ਸਬੂਤ ਵਜੋਂ ਇਹ ਪੱਤਰ ਵੀ ਮੁਹੱਈਆ ਕਰਵਾਇਆ ਗਿਆ ਸੀ।

ਸ਼ੂਟਿੰਗ ਸਮੇਂ ਸਟਰੈਟੇਜਿਕ ਕਮਿਊਨਿਕੇਸ਼ਨਜ਼ ਡਾਇਰੈਕਟਰ ਸਕੈਨਲੈਨ ਅਨੁਸਾਰ ਲੱਕੀ ਨੇ ਫੋਨ ਉੱਤੇ ਆਖਿਆ ਕਿ ਹੈਲੀਫੈਕਸ ਦੇ ਸਟਾਫ ਵੱਲੋਂ ਜਿਹੜੀ ਗੰਨਜ਼ ਸਬੰਧੀ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ ਉਸ ਨਾਲ ਉਨ੍ਹਾਂ ਵੱਲੋਂ ਉਨ੍ਹਾਂ ਬੱਚਿਆਂ ਨੂੰ ਨਿਰਾਸ਼ ਕੀਤਾ ਗਿਆ ਹੈ ਜਿਨ੍ਹਾਂ ਦੇ ਮਾਪੇ ਇਸ ਗੋਲੀਕਾਂਡ ਵਿੱਚ ਮਾਰੇ ਗਏ।

ਸਕੈਨਲੈਨ ਨੇ ਇਸ ਪੱਤਰ ਵਿੱਚ ਇਹ ਵੀ ਲਿਖਿਆ ਕਿ ਮੀਟਿੰਗ ਵਿੱਚ ਮੌਜੂਦ ਸਾਰੇ ਲੋਕਾਂ ਨੂੰ ਲੱਕੀ ਨੇ ਆਖਿਆ ਕਿ ਉਨ੍ਹਾਂ ਉੱਤੇ ਤਤਕਾਲੀ ਫੈਡਰਲ ਸੇਫਟੀ ਮੰਤਰੀ ਬਿੱਲ ਬਲੇਅਰ ਵੱਲੋਂ ਦਬਾਅ ਪਾਇਆ ਗਿਆ ਸੀ, ਜਿਸ ਤੋਂ ਅਸੀਂ ਸਮਝ ਗਏ ਕਿ ਇਹ ਸੱਭ ਗੰਨਜ਼ ਸਬੰਧੀ ਬਿੱਲ ਪਾਸ ਕਰਵਾਉਣ ਨਾਲ ਸਬੰਧਤ ਹੈ।

# ਬਰੈਂਪਟਨ ਦੀਆਂ ਤਿੰਨ ਮਹਿਲਾਵਾਂ ਨੂੰ ਮਿਲਿਆ ਸਿਟੀਜ਼ਨ ਆਫ ਦ ਯੀਅਰ ਐਵਾਰਡ



ਬਰੈਂਪਟਨ, 30 ਜੂਨ (ਪੋਸਟ ਬਿਊਰੋ) : ਸਿਟੀ ਆਫ ਬਰੈਂਪਟਨ ਵੱਲੋਂ ਮਈ ਵਿੱਚ ਸਾਲਾਨਾ ਸਿਟੀਜ਼ਨਜ਼ ਐਵਾਰਡਜ਼ ਸੈਰੇਮਨੀ ਕਰਵਾਈ ਗਈ ਸੀ, ਜਿਸ ਤਹਿਤ ਕਮਿਊਨਿਟੀ ਸਰਵਿਸ ਨਿਭਾਉਣ ਵਾਲੇ ਤੇ ਖੇਡਾਂ ਵਿੱਚ ਯੋਗਦਾਨ ਪਾਉਣ ਵਾਲੇ ਲੋਕਾਂ ਦੇ ਨਾਂਵਾਂ ਦਾ ਐਲਾਨ ਕੀਤਾ ਗਿਆ। ਇਨ੍ਹਾਂ ਨੂੰ ਸਿਟੀਜ਼ਨ ਆਫ ਦ ਯੀਅਰ ਐਵਾਰਡ 2021 ਨਾਲ ਸਨਮਾਨਿਤ ਕੀਤਾ ਗਿਆ।

ਸਿਟੀਜ਼ਨ ਆਫ ਦ ਯੀਅਰ ਐਵਾਰਡ ਨੂੰ ਤਿੰਨ ਵੰਨਗੀਆਂ ਵਿੱਚ ਵੰਡਿਆ ਗਿਆ ਹੈ- ਸੀਨੀਅਰ, ਐਡਲਟ ਤੇ ਯੂਥ। ਸੀਨੀਅਰ ਏਜ ਗਰੁੱਪ ਵਿੱਚ ਐਨਵਾਇਰਮੈਂਟ ਨਾਲ ਜੁੜੇ ਮੁੱਦਿਆਂ ਲਈ ਕੰਮ ਕਰਨ ਬਦਲੇ ਡੇਲ ਲੈਂਗ ਨੂੰ ਸਿਟੀਜ਼ਨ ਆਫ ਦ ਯੀਅਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਆਖਿਆ ਕਿ ਇਹ ਐਵਾਰਡ ਹਾਸਲ ਕਰਨਾ ਉਨ੍ਹਾਂ ਲਈ ਬੜੇ ਮਾਣ ਵਾਲੀ ਗੱਲ ਹੈ। ਉਨ੍ਹਾਂ ਆਖਿਆ ਕਿ ਐਨਵਾਇਰਮੈਂਟ ਨੂੰ ਬਚਾਉਣਾ ਨਾ ਸਿਰਫ ਸਾਡੇ ਲਈ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਬਹੁਤ ਲਾਹੇਵੰਦ ਹੈ। ਬਾਲਗਾਂ ਦੀ ਵੰਨਗੀ ਵਿੱਚ ਡੈਨੀਅਲ ਡਾਊਡੀ ਨੂੰ ਸਿਟੀਜ਼ਨ ਆਫ ਦ ਯੀਅਰ ਐਵਾਰਡ ਦਿੱਤਾ ਗਿਆ। ਵੱਖ ਵੱਖ ਕਮਿਊਨਿਟੀ ਆਰਗੇਨਾਈਜ਼ੇਸ਼ਨਜ਼ ਲਈ ਨਿਭਾਏ ਵਾਲੰਟੀਅਰ ਕੰਮ ਵਾਸਤੇ ਇਹ ਐਵਾਰਡ ਡਾਊਡੀ ਨੂੰ ਦਿੱਤਾ ਗਿਆ। ਉਨ੍ਹਾਂ ਆਖਿਆ ਕਿ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਸਿਟੀ ਵੱਲੋਂ ਸਵੀਕਾਰੇ ਜਾਣ ਤੇ ਉਨ੍ਹਾਂ ਨੂੰ ਮਾਨਤਾ ਦੇਣ ਲਈ ਉਹ ਸਾਰਿਆਂ ਦੇ ਸ਼ੁਕਰਗੁਜ਼ਾਰ ਹਨ।

ਯੂਥ ਕੈਟੇਗਰੀ ਵਿੱਚ ਸੁਖਮਨ ਸੁੰਨਰ ਨੂੰ ਸਿਟੀਜ਼ਨ ਆਫ ਦ ਯੀਅਰ ਐਵਾਰਡ ਨਾਲ ਨਿਵਾਜਿਆ ਗਿਆ। ਉਨ੍ਹਾਂ ਨੂੰ ਸੀਨੀਅਰਜ਼ ਨਾਲ ਵਾਲੰਟੀਅਰ ਵਜੋਂ ਕੰਮ ਕਰਨ ਲਈ ਇਹ ਐਵਾਰਡ ਦਿੱਤਾ ਗਿਆ। ਉਨ੍ਹਾਂ ਆਖਿਆ ਕਿ ਇਹ ਐਵਾਰਡ ਹਾਸਲ ਕਰਕੇ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੀ ਮਿਹਨਤ ਨੂੰ ਕਮਿਊਨਿਟੀ ਵੱਲੋਂ ਸਵੀਕਾਰਿਆ ਗਿਆ ਹੈ।

# ਪੀਟਰ ਟੈਬੰਸ ਨੂੰ ਚੁਣਿਆ ਗਿਆ ਓਨਟਾਰੀਓ ਐਨਡੀਪੀ ਦਾ ਅੰਤਰਿਮ ਆਗੂ

ਟੋਰਾਂਟੋ, 30 ਜੂਨ (ਪੋਸਟ ਬਿਊਰੋ) : ਐਂਡਰੀਆ ਹੌਰਵਥ ਵੱਲੋਂ ਚਾਰ ਹਫਤੇ ਪਹਿਲਾਂ ਇਹ ਐਲਾਨ ਕੀਤਾ ਗਿਆ ਸੀ ਕਿ ਉਹ ਓਨਟਾਰੀਓ ਦੀ ਐਨਡੀਪੀ ਆਗੂ ਵਜੋਂ ਅਹੁਦਾ ਛੱਡ ਦੇਵੇਗੀ, ਇਸ ਦੇ ਚੱਲਦਿਆਂ ਟੋਰਾਂਟੋ ਤੋਂ ਸੀਨੀਅਰ ਐਮਪੀਪੀ ਪੀਟਰ ਟੈਬੰਸ ਨੂੰ ਰਸਮੀ ਤੌਰ ਉੱਤੇ ਪਾਰਟੀ ਦਾ ਅੰਤਰਿਮ ਆਗੂ ਐਲਾਨਿਆ ਗਿਆ ਹੈ।



ਮੰਗਲਵਾਰ ਸ਼ਾਮ ਨੂੰ ਕੀਤੀ ਗਈ ਟਵੀਟ ਉੱਤੇ ਟੈਬੰਸ ਨੇ ਆਖਿਆ ਕਿ ਅੰਤਰਿਮ ਆਗੂ ਚੁਣੇ ਜਾਣ ਲਈ ਉਹ ਓਨਟਾਰੀਓ ਐਨਡੀਪੀ ਦੇ ਸਾਰੇ ਮੈਂਬਰਾਂ ਦੇ ਸ਼ੁਕਰਗੁਜ਼ਾਰ ਹਨ। ਉਨ੍ਹਾਂ ਆਖਿਆ ਕਿ ਸਾਰੇ ਮੈਂਬਰਾਂ ਵੱਲੋਂ ਉਨ੍ਹਾਂ ਉੱਤੇ ਜਿਹੜਾ ਵਿਸ਼ਵਾਸ ਪ੍ਰਗਟਾਇਆ ਗਿਆ ਹੈ ਉਸ ਦਾ ਉਹ ਪੂਰਾ ਮਾਣ ਰੱਖਣਗੇ। ਉਨ੍ਹਾਂ ਇਹ ਵੀ ਆਖਿਆ ਕਿ ਉਹ ਪ੍ਰੋਵਿੰਸ ਦੇ ਮੈਂਬਰਾਂ ਲਈ ਵੀ ਲੜਨਗੇ।

2006 ਵਿੱਚ ਟੋਰਾਂਟੋ-ਡੈਨਫੋਰਥ ਵਿੱਚ ਹੋਈਆਂ ਜ਼ਿਮਨੀ ਚੋਣਾਂ ਵਿੱਚ ਟੈਬੰਸ ਪਹਿਲੀ ਵਾਰੀ ਚੁਣੇ ਜਾਣ ਤੋਂ ਬਾਅਦ ਓਨਟਾਰੀਓ ਵਿਧਾਨਸਭਾ ਵਿੱਚ ਪਹੁੰਚੇ। ਉਨ੍ਹਾਂ ਵੱਲੋਂ ਕਈ ਕ੍ਰਿਟਿਕਸ ਦੀ ਭੂਮਿਕਾ ਨਿਭਾਈ ਜਾ ਚੁੱਕੀ ਹੈ। ਪਿਛਲੇ ਕੁੱਝ ਸਾਲਾਂ ਤੋਂ ਉਹ ਐਨਰਜੀ ਤੇ ਐਨਵਾਇਰਮੈਂਟ ਉੱਤੇ ਧਿਆਨ ਕੇਂਦਰਿਤ ਕਰ ਰਹੇ ਹਨ। ਜ਼ਿਕਰਯੋਗ ਹੈ ਕਿ 2009 ਤੋਂ ਓਨਟਾਰੀਓ ਐਨਡੀਪੀ ਆਗੂ ਵਜੋਂ ਸੇਵਾ ਨਿਭਾਅ ਰਹੀ ਹੌਰਵਥ ਨੇ 2 ਜੂਨ ਨੂੰ ਹੋਈਆਂ ਪ੍ਰੋਵਿੰਸ਼ੀਅਲ ਚੋਣਾਂ ਤੋਂ ਬਾਅਦ ਇਹ ਐਲਾਨ ਕੀਤਾ ਸੀ ਕਿ ਉਹ ਆਪਣਾ ਅਹੁਦਾ ਛੱਡ ਦੇਵੇਗੀ।

# ਅਮਰੀਕਾ ਦੀ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਦੇ 46 ਮਰੇ, 16 ਹਸਪਤਾਲ ਦਾਖਲ

ਸੈਨ ਐਂਟੋਨੀਓ, 30 ਜੂਨ (ਪੋਸਟ ਬਿਊਰੋ) : ਬੀਤੇ ਦਿਨੀਂ ਅਮਰੀਕਾ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ 46 ਵਿਅਕਤੀ ਇੱਕ ਟਰੈਕਟਰ ਟਰੇਲਰ ਦੇ ਅੰਦਰ ਤੇ ਉਸ ਦੇ ਨੇੜੇ ਮ੍ਰਿਤਕ ਪਾਏ ਗਏ ਜਦਕਿ 16 ਹੋਰਨਾਂ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਸੈਨ ਐਂਟੋਨੀਓ ਪੁਲਿਸ ਅਧਿਕਾਰੀਆਂ ਵੱਲੋਂ ਇਸ ਘਟਨਾ ਨੂੰ ਮਾਇਗ੍ਰੈਂਟ ਸਮਗਲਿੰਗ ਦਾ ਮਾਮਲਾ ਦੱਸਿਆ ਜਾ ਰਿਹਾ ਹੈ।

ਪਿਛਲੇ ਕੁੱਝ ਦਹਾਕਿਆਂ ਵਿੱਚ ਮੈਕਸਿਕੋ ਤੋਂ ਅਮਰੀਕਾ ਦੀ ਸਰਹੱਦ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲਿਆਂ ਵਿੱਚੋਂ ਮਾਰੇ ਗਏ ਲੋਕਾਂ ਸਬੰਧੀ ਘਟਨਾਵਾਂ ਵਿੱਚ ਇਹ ਸੱਭ ਤੋਂ ਖਤਰਨਾਕ ਹਾਦਸਾ ਮੰਨਿਆ ਜਾ ਰਿਹਾ ਹੈ। 2017 ਵਿੱਚ ਸੈਨ ਐਂਟੋਨੀਓ ਵਿੱਚ ਹੀ ਵਾਲਮਾਰਟ ਦੇ ਬਾਹਰ ਪਾਰਕ ਕੀਤੇ ਇੱਕ ਟਰੱਕ ਵਿੱਚ ਫਸੇ ਰਹਿਣ ਕਾਰਨ ਦਸ ਮਾਈਗ੍ਰੈਂਟ ਮਾਰੇ ਗਏ ਸਨ। 2003 ਵਿੱਚ ਵੀ ਸੈਨ ਐਂਟੋਨੀਓ ਵਿੱਚ ਗਰਮ ਟਰੱਕ ਵਿੱਚ ਬੰਦ ਰਹਿਣ ਕਾਰਨ 19 ਮਾਈਗ੍ਰੈਂਟ ਮਾਰੇ ਗਏ ਸਨ। ਪੁਲਿਸ ਚੀਫ ਵਿਲੀਅਮ ਮੈਕਮੈਨਸ ਨੇ ਦੱਸਿਆ ਕਿ ਸੋਮਵਾਰ ਸ਼ਾਮੀਂ 6:00 ਵਜੇ ਤੋਂ ਪਹਿਲਾਂ ਸਥਿਤੀ ਬਾਰੇ ਜਾਣਕਾਰੀ ਦੇ ਕੇ ਇੱਕ ਸਿਟੀ ਵਰਕਰ ਕੋਲੋਂ ਮਦਦ ਮੰਗੀ ਗਈ। ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੂੰ ਇੱਕ ਲਾਸ਼ ਟਰੈਕਟਰ ਟਰੇਲਰ ਦੇ ਬਾਹਰ ਪਈ ਮਿਲੀ ਤੇ ਟਰੇਲਰ ਦੇ ਅੱਧੇ ਖੁੱਲ੍ਹੇ ਗੇਟ ਤੋਂ ਅੰਦਰ ਝਾਤੀ ਮਾਰਨ ਉੱਤੇ ਕਈ ਲੋਕਾਂ ਦੇ ਮਰਨ ਦਾ ਪਤਾ ਲੱਗਿਆ। ਫਾਇਰ ਚੀਫ ਚਾਰਲਸ ਹੁੱਡ ਨੇ ਦੱਸਿਆ ਕਿ 16 ਵਿਅਕਤੀਆਂ ਨੂੰ ਗਰਮੀ ਲੱਗਣ ਕਾਰਨ ਹਸਪਤਾਲ ਲਿਜਾਇਆ ਗਿਆ ਜਿਨ੍ਹਾਂ ਵਿੱਚੋਂ 12 ਬਾਲਗ ਸਨ ਤੇ ਚਾਰ ਬੱਚੇ ਸਨ। ਇਨ੍ਹਾਂ ਲੋਕਾਂ ਦੇ ਸ਼ਰੀਰ ਗਰਮ ਸਨ ਤੇ ਇਨ੍ਹਾਂ ਅੰਦਰ ਪਾਣੀ ਮੁੱਕ ਗਿਆ ਸੀ। ਟਰੇਲਰ ਵਿੱਚ ਵੀ ਪਾਣੀ ਨਹੀਂ ਮਿਲਿਆ। ਹੁੱਡ ਨੇ ਦੱਸਿਆ ਕਿ ਇਨ੍ਹਾਂ ਲੋਕਾਂ ਦੀ ਮੌਤ ਹੀਟ ਸਟਰੋਕ ਤੇ ਗਰਮੀ ਕਾਰਨ ਹੋਈ। ਇਸ ਮਾਮਲੇ ਦੀ ਜਾਂਚ ਯੂਐਸ ਹੋਮਲੈਂਡ ਸਕਿਊਰਿਟੀ ਇਨਵੈਸਟੀਗੇਸ਼ਨਜ਼ ਵੱਲੋਂ ਕੀਤੀ ਜਾ ਰਹੀ ਹੈ। ਤਿੰਨ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ।
647-218-7043
647-208-7011

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
➡ Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

## ਗੱਡੀ ਖੰਭੇ ਨਾਲ ਟਕਰਾਈ, ਡਰਾਈਵਰ ਹਲਾਕ

ਵਾਅਨ, 30 ਜੂਨ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਵਾਅਨ ਦੇ ਉੱਤਰੀ ਇਲਾਕੇ ਵਿੱਚ ਇੱਕ ਗੱਡੀ ਦੇ ਖੰਭੇ ਨਾਲ ਟਕਰਾ ਜਾਣ ਕਾਰਨ ਡਰਾਈਵਰ ਦੀ ਮੌਤ ਹੋ ਗਈ। ਇਹ ਜਾਣਕਾਰੀ ਲੋਕਲ ਪੁਲਿਸ ਨੇ ਦਿੱਤੀ। ਇਹ ਹਾਦਸਾ ਪੇਸ਼ ਆਉਣ ਤੋਂ ਬਾਅਦ ਰਾਤੀਂ 11:30 ਵਜੇ ਐਮਰਜੰਸੀ ਅਮਲੇ ਨੂੰ ਟੈਸਟਨ ਰੋਡ ਦੇ ਉੱਤਰ ਵੱਲ ਜੇਨ ਸਟਰੀਟ ਉੱਤੇ ਸੱਦਿਆ ਗਿਆ। ਮੌਕੇ ਉੱਤੇ ਪਹੁੰਚਣ ਉੱਤੇ ਪੁਲਿਸ ਨੇ ਪਾਇਆ ਕਿ ਇਹ ਗੱਡੀ ਜੇਨ ਸਟਰੀਟ ਦੀਆਂ ਦੱਖਣ ਵਾਲੀਆਂ ਲੇਨਜ਼ ਤੋਂ ਉਤਰ ਕੇ ਖੰਭੇ ਨਾਲ ਜਾ ਟਕਰਾਈ ਤੇ ਮੌਕੇ ਉੱਤੇ ਹੀ ਇੱਕ ਵਿਅਕਤੀ ਦੀ ਮੌਤ ਹੋ ਗਈ। ਯੌਰਕ ਰੀਜਨਲ ਪੁਲਿਸ ਸਟਾਫ ਸਾਰਜੈਂਟ ਮਾਰਕ ਲਾਊ ਨੇ ਦੱਸਿਆ ਕਿ ਉਨ੍ਹਾਂ ਦੇ ਅਫਸਰ ਅਜੇ ਵੀ ਮ੍ਰਿਤਕ ਡਰਾਈਵਰ ਦੀ ਸ਼ਨਾਖਤ ਕਰਨ ਵਿੱਚ ਲੱਗੇ ਹੋਏ ਹਨ।

# ਜੀ-7 ਆਗੂਆਂ ਨੇ ਰੂਸੀ ਗੈਸ ’ਤੇ ਕੁਝ ਹੱਦ ਤੱਕ ਰੋਕ ਲਾਉਣ ਬਾਰੇ ਕੀਤਾ ਵਿਚਾਰ



ਸ਼ਲੌਸ ਐਲਮਾਓ, ਜਰਮਨੀ, 30 ਜੂਨ (ਪੋਸਟ ਬਿਊਰੋ) : ਜੀ-7 ਸਿਖਰ ਵਾਰਤਾ ਵਿੱਚ ਸੋਮਵਾਰ ਨੂੰ ਰੂਸ ਤੋਂ ਐਕਸਪੋਰਟ ਕੀਤੀ ਜਾਣ ਵਾਲੀ ਗੈਸ ਉੱਤੇ ਕੁੱਝ ਹੱਦ ਤੱਕ ਰੋਕ ਲਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਅਜਿਹਾ ਕਰਕੇ ਇਨ੍ਹਾਂ ਮੁਲਕਾਂ ਵੱਲੋਂ ਯੂਕਰੇਨ ਖਿਲਾਫ ਰੂਸ ਵੱਲੋਂ ਜਾਰੀ ਜੰਗ ਲਈ ਫੰਡਿੰਗ ਘਟਾਉਣ ਦਾ ਰਾਹ ਕੱਢਿਆ ਗਿਆ ਦੱਸਿਆ ਜਾਂਦਾ ਹੈ।

ਤੇਲ ਦੀਆਂ ਵੱਧ ਰਹੀਆਂ ਕੀਮਤਾਂ ਕਾਰਨ ਰੂਸ ਦੀ ਆਮਦਨ ਵਿੱਚ ਵੀ ਵਾਧਾ ਹੋ ਰਿਹਾ ਹੈ ਤੇ ਉਸ ਵੱਲੋਂ ਆਪਣੇ ਗੁਆਂਢੀ ਮੁਲਕਾਂ ਖਿਲਾਫ ਧੱਕੇਸ਼ਾਹੀ ਜਾਰੀ ਰੱਖੀ ਜਾ ਰਹੀ ਹੈ ਤੇ ਪੱਛਮੀ ਮੁਲਕਾਂ ਵੱਲੋਂ ਲਾਈਆਂ ਜਾ ਰਹੀਆਂ ਪਾਬੰਦੀਆਂ ਦੀ ਪਰਵਾਹ ਨਹੀਂ ਕੀਤੀ ਜਾ ਰਹੀ। ਦਿਨ ਦੀ ਸ਼ੁਰੂਆਤ ਸਮੇਂ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਨੇ ਜੀ-7 ਆਗੂਆਂ ਨਾਲ ਦੋ ਘੰਟੇ ਦੀ ਮੀਟਿੰਗ ਕੀਤੀ। ਵਰਚੂਅਲ ਢੰਗ ਨਾਲ ਮੀਟਿੰਗ ਵਿੱਚ ਸ਼ਾਮਲ ਹੋਏ ਜ਼ੈਲੈਂਸਕੀ ਨੇ ਆਪਣੇ ਦੇਸ਼ ਦੀਆਂ ਲੋੜਾਂ ਬਾਰੇ ਦੱਸਿਆ ਤੇ ਇਸ ਦੇ ਨਾਲ ਹੀ ਪੁਤਿਨ ਨੂੰ ਜੰਗ ਤੋਂ ਪਾਸੇ ਕਰਨ ਲਈ ਹੋਰ ਸਖ਼ਤ ਪਾਬੰਦੀਆਂ ਲਾਉਣ ਦੀ ਮੰਗ ਕੀਤੀ।

ਜੀ-7 ਦੇ ਸਾਰੇ ਆਗੂਆਂ ਨੇ ਜਿੰਨਾਂ ਚਿਰ ਸੰਘਰਸ਼ ਚੱਲੇਗਾ ਓਨੀ ਦੇਰ ਯੂਕਰੇਨ ਦੀ ਮਦਦ ਕਰਨ ਦਾ ਤਹੱਈਆ ਪ੍ਰਗਟਾਇਆ। ਇਸ ਦੌਰਾਨ ਸੋਮਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਰੂਸ ਤੇ ਬੇਲਾਰੂਸ ਦੇ 74 ਹੋਰਨਾਂ ਵਿਅਕਤੀਆਂ ਤੇ ਕਾਰੋਬਾਰੀਆਂ ਖਿਲਾਫ ਨਵੀਆਂ ਪਾਬੰਦੀਆਂ ਲਾਉਣ ਦਾ ਐਲਾਨ ਕੀਤਾ। ਮੰਗਲਵਾਰ ਨੂੰ ਹੋਰ ਪਾਬੰਦੀਆਂ ਲਾਏ ਜਾਣ ਦੀ ਵੀ ਸੰਭਾਵਨਾ ਹੈ।

ਇਸ ਦੌਰਾਨ ਜਰਮਨੀ ਦੇ ਚਾਂਸਲਰ ਓਲਫ ਸ਼ੌਲਾਜ ਵੱਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਮੀਟਿੰਗ ਵਿੱਚ ਹਿੱਸਾ ਲੈਣ ਦਾ ਸੱਦਾ ਦਿੱਤਾ ਗਿਆ ਸੀ। ਜੀ-7 ਤੇ ਹੋਰਨਾਂ ਆਗੂਆਂ ਨਾਲ ਫੋਟੋਸੈਸ਼ਨ ਵਿੱਚ ਮੋਦੀ ਨੇ ਬੜੀ ਗਰਮਜੋਸ਼ੀ ਨਾਲ ਟਰੂਡੋ ਦਾ ਹੱਥ ਘੁੱਟਿਆ ਪਰ ਬਾਅਦ ਵਿੱਚ ਜਦੋਂ ਦੋਵਾਂ ਆਗੂਆਂ ਨੇ ਇੱਕਲਿਆਂ ਮੀਟਿੰਗ ਕੀਤੀ ਤਾਂ ਮੋਦੀ ਦਾ ਸੁਰ ਮੁਕਾਬਲਤਨ ਕਾਫੀ ਢਿੱਲਾ ਰਿਹਾ।

ਜੀ-7 ਦੇਸ਼ਾਂ ਵਿੱਚ ਅਮਰੀਕਾ, ਯੂਨਾਈਟਿਡ ਕਿੰਗਡਮ, ਜਰਮਨੀ, ਫਰਾਂਸ, ਇਟਲੀ ਤੇ ਜਾਪਾਨ ਦੇ ਆਗੂ ਸ਼ਾਮਲ ਹਨ ਤੇ ਮੰਗਲਵਾਰ ਨੂੰ ਸਿਖਰ ਵਾਰਤਾ ਦੇ ਅੰਤ ਵਿੱਚ ਇਨ੍ਹਾਂ ਸਾਰੇ ਆਗੂਆਂ ਵੱਲੋਂ ਇਸ ਮੀਟਿੰਗ ਦੌਰਾਨ ਬਣੀ ਆਮ ਸਹਿਮਤੀ ਸਬੰਧੀ ਵੇਰਵਾ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਤੋਂ ਬਾਅਦ ਇਹ ਸਾਰੇ ਆਗੂ ਨਾਟੋ ਮੀਟਿੰਗ ਲਈ ਮੈਡਰਿਡ ਵਿੱਚ ਇੱਕਠੇ ਹੋਰਨਾ ਆਗੂਆਂ ਨਾਲ ਮੁਲਾਕਾਤ ਕਰਨਗੇ ਤੇ ਰੂਸ ਅਤੇ ਯੂਕਰੇਨ ਸੰਘਰਸ਼ ਦੇ ਫੌਜੀ ਪ੍ਰਭਾਵਾਂ ਸਬੰਧੀ ਚਰਚਾ ਕੀਤੀ ਜਾਵੇਗੀ।

# ਯੂਕਰੇਨੀਅਨ ਅਨਾਜ ਨੂੰ ਬਰਬਾਦ ਹੋਣ ਤੋਂ ਬਚਾਉਣ ਲਈ ਕੈਨੇਡਾ ਨੇ 50 ਮਿਲੀਅਨ ਡਾਲਰ ਦੇਣ ਦਾ ਕੀਤਾ ਵਾਅਦਾ



ਸ਼ਲੌਸ ਐਲਮਾਓ, ਜਰਮਨੀ, 30 ਜੂਨ (ਪੋਸਟ ਬਿਊਰੋ) : ਯੂਕਰੇਨੀਅਨ ਅਨਾਜ ਨੂੰ ਬਰਬਾਦ ਹੋਣ ਤੋਂ ਬਚਾਉਣ ਲਈ ਕੈਨੇਡਾ ਨੇ 50 ਮਿਲੀਅਨ ਡਾਲਰ ਦੇਣ ਦਾ ਵਾਅਦਾ ਕੀਤਾ। ਇਸ ਦੇ ਨਾਲ ਹੀ ਐਤਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਗਏ ਹਮਲੇ ਕਾਰਨ ਪੈਣ ਵਾਲੇ ਸੋਕੇ ਨੂੰ ਰੋਕਣ ਲਈ ਜੀ-7 ਮੁਲਕਾਂ ਨਾਲ ਰਲ ਕੇ ਅਗਲੇ ਕਦਮ ਚੁੱਕਣ ਦਾ ਤਹੱਈਆ ਪ੍ਰਗਟਾਇਆ। ਦੁਨੀਆ ਦੇ ਸੱਭ ਤੋਂ ਵਿਕਸਤ ਅਰਥਚਾਰਿਆਂ ਦੇ ਆਗੂਆਂ ਵੱਲੋਂ ਮੁਲਾਕਾਤ ਦੇ ਪਹਿਲੇ ਦਿਨ ਹੀ ਰੂਸ ਦੀ ਧੱਕੇਸ਼ਾਹੀ ਉੱਤੇ ਚਰਚਾ ਕੀਤੀ ਗਈ। ਜੀ-7 ਮੁਲਕਾਂ ਦੇ ਇਹ ਆਗੂ ਜਰਮਨੀ ਵਿੱਚ ਤਿੰਨ ਦਿਨਾਂ ਲਈ ਇੱਕਠੇ ਹੋਏ ਹਨ। ਕਾਮਨਵੈਲਥ ਸਰਕਾਰਾਂ ਦੇ ਆਗੂਆਂ ਵੱਲੋਂ ਵੈਸੇ ਇਹ ਸਿਖਰ ਵਾਰਤਾ ਚਾਰ ਦਿਨਾਂ ਲਈ ਕੀਤੀ ਜਾ ਰਹੀ ਹੈ। ਸ਼ਨਿੱਚਰਵਾਰ ਨੂੰ ਇਹ ਸਾਰੇ ਆਗੂ ਕਿਗਾਲੀ, ਰਵਾਂਡਾ ਵਿੱਚ ਮੀਟਿੰਗ ਕਰਕੇ ਆਏ। ਇਨ੍ਹਾਂ ਮੀਟਿੰਗਾਂ ਵਿੱਚ ਹਾਲ ਦੀ ਘੜੀ ਰੂਸ ਵੱਲੋਂ ਯੂਕਰੇਨ ਉੱਤੇ ਕੀਤਾ ਗਿਆ ਹਮਲਾ ਹੀ ਚਰਚਾ ਦਾ ਮੁੱਖ ਵਿਸ਼ਾ ਬਣਿਆ ਹੋਇਆ ਹੈ। ਇਸ ਤੋਂ ਇਲਾਵਾ ਬੁੱਧਵਾਰ ਤੋਂ ਮੈਡਰਿਡ, ਸਪੇਨ ਵਿੱਚ ਹੋਣ ਵਾਲੀ ਨਾਟੋ ਸਿਖਰ ਵਾਰਤਾ ਦੇ ਏਜੰਡੇ ਵਿੱਚ ਵੀ ਇਹੋ ਵਿਸ਼ਾ ਹਾਵੀ ਰਹਿਣ ਦੀ ਸੰਭਾਵਨਾ ਹੈ।

ਗਲੋਬਲ ਪੱਧਰ ਉੱਤੇ ਅਨਾਜ ਦੀ ਘਾਟ ਕਾਰਨ ਇਸ ਸਮੇਂ ਅਫਰੀਕਾ ਦੇ ਕਈ ਹਿੱਸੇ ਸੋਕੇ ਦੀ ਕਗਾਰ ਉੱਤੇ ਪਹੁੰਚ ਚੁੱਕੇ ਹਨ। ਟਰੂਡੋ ਦੇ ਜੀ-7 ਦੇ ਹੋਰਨਾਂ ਆਗੂਆਂ ਵੱਲੋਂ ਯੂਕਰੇਨ ਦੇ ਅਨਾਜ ਭੰਡਾਰਾਂ ਨੂੰ ਨਿਸ਼ਾਨਾ ਬਣਾਉਣ ਅਤੇ ਦੇਸ਼ ਦੀਆਂ ਵੱਡੀਆਂ ਬੰਦਰਗਾਹਾਂ ਉੱਤੇ ਐਕਸਪੋਰਟ ਨੂੰ ਰਕਣ ਲਈ ਰੂਸ ਨੂੰ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ।

ਇਸ ਵਾਰਤਾ ਦੇ ਪਹਿਲੇ ਸੈਸ਼ਨ ਵਿੱਚ ਵਿਸ਼ਵ ਆਗੂਆਂ ਵੱਲੋਂ ਗਲੋਬਲ ਅਰਥਚਾਰੇ ਬਾਰੇ ਚਰਚਾ ਕੀਤੀ ਗਈ। ਆਗੂਆਂ ਨੇ ਆਖਿਆ ਕਿ ਮਹਾਂਮਾਰੀ ਤੋਂ ਬਾਅਦ ਰੂਸ ਤੇ ਯੂਕਰੇਨ ਦਰਮਿਆਨ ਚੱਲ ਰਹੇ ਸੰਘਰਸ਼ ਕਾਰਨ ਦੁਨੀਆ ਭਰ ਵਿੱਚ ਵਸਤਾਂ ਦੀਆਂ ਕੀਮਤਾਂ ਆਸਮਾਨ ਛੋਹ ਰਹੀਆਂ ਹਨ ਤੇ ਆਮ ਚੀਜ਼ਾਂ ਤੱਕ ਹੀ ਲੋਕਾਂ ਦੀ ਪਹੁੰਚ ਮੁਸ਼ਕਲ ਹੋ ਗਈ ਹੈ। ਇਸੇ ਦਿਨ ਕੀਤੇ ਗਏ ਐਲਾਨ ਤਹਿਤ ਕੈਨੇਡਾ ਨੇ ਵਾਅਦਾ ਕੀਤਾ ਕਿ ਉਹ ਅਨਾਜ ਨੂੰ ਸਹੇਜ ਕੇ ਰੱਖਣ ਲਈ ਇਕਿਉਪਮੈਂਟ ਯੂਕਰੇਨ ਭੇਜੇਗਾ ਤਾਂ ਕਿ ਉਹ ਆਪਣੇ ਇਸ ਸਾਲ ਦੇ ਅਨਾਜ ਨੂੰ ਸਹੇਜ ਸਕਣ ਤੇ ਮਾਰਕਿਟ ਤੱਕ ਲਿਜਾ ਸਕਣ।

ਇੱਕ ਇੰਟਰਵਿਊ ਵਿੱਚ ਕੈਨੇਡਾ ਤੋਂ ਖੇਤੀਬਾੜੀ ਮੰਤਰੀ ਮੈਰੀ ਕਲਾਡੇ ਬਿਬਿਊ ਨੇ ਆਖਿਆ ਕਿ ਉਹ ਅਨਾਜ ਜਮ੍ਹਾਂ ਕਰਨ ਵਾਲੇ ਮੋਬਾਈਲ ਕੰਟੇਨਰ ਯੂਕਰੇਨ ਭੇਜਣਗੇ।

# ਜੀ-7 ਮੁਲਕਾਂ ਤੋਂ ਜ਼ੈਲੈਂਸਕੀ ਨੇ ਮੰਗੀ ਹੋਰ ਮੱਦਦ



ਸ਼ਲੌਸ ਐਲਮਾਓ, ਜਰਮਨੀ, 30 ਜੂਨ (ਪੋਸਟ ਬਿਊਰੋ) : ਯੂਕਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੈਲੈਂਸਕੀ ਵੱਲੋਂ ਜਰਮਨੀ ਵਿੱਚ ਚੱਲ ਰਹੀ ਜੀ-7 ਦੇਸ਼ਾਂ ਦੇ ਆਗੂਆਂ ਦੀ ਸਿਖਰ ਵਾਰਤਾ ਨੂੰ ਵਰਚੂਅਲ ਤੌਰ ਉੱਤੇ ਸੰਬੋਧਨ ਕੀਤਾ ਗਿਆ। ਇਸ ਵਾਰਤਾ ਦਾ ਮੁੱਖ ਮੁੱਦਾ ਰੂਸ ਵੱਲੋਂ ਯੂਕਰੇਨ ਉੱਤੇ ਕੀਤਾ ਗਿਆ ਹਮਲਾ ਹੀ ਬਣਿਆ ਹੋਇਆ ਹੈ।

ਇਨ੍ਹਾਂ ਆਗੂਆਂ ਨੇ ਸ਼ਲੌਸ ਐਲਮਾਓ, ਜਰਮਨੀ ਵਿੱਚ ਪਹਾੜੀ ਦੀ ਚੋਟੀ ਉੱਤੇ ਮੌਜੂਦ ਖੂਬਸੂਰਤ ਮਹਿਲ ਦੇ ਕਮਰੇ ਵਿੱਚ ਇਹ ਮੀਟਿੰਗ ਕੀਤੀ। ਇਸ ਤੋਂ ਪਹਿਲਾਂ ਰਵਾਂਡਾ ਵਿੱਚ ਹੋਈ ਕਾਮਨਵੈਲਥ ਦੇਸ਼ਾਂ ਦੇ ਮੁਖੀਆਂ ਦੀ ਮੀਟਿੰਗ ਵਿੱਚ ਵੀ ਇਹ ਮੁੱਦਾ ਹੀ ਹਾਵੀ ਰਿਹਾ ਸੀ। ਜੀ-7 ਮੁਲਕਾਂ ਦੀ ਸਿਖਰ ਵਾਰਤਾ ਦੇ ਪਹਿਲੇ ਦਿਨ ਟਰੂਡੋ ਨੇ ਜ਼ੈਲੈਂਸਕੀ ਨੂੰ ਪੁੱਛਿਆ ਕਿ ਉਨ੍ਹਾਂ ਸਾਰੇ ਆਗੂਆਂ ਤੋਂ ਉਹ ਕੀ ਚਾਹੁੰਦੇ ਹਨ। ਜ਼ੈਲੈਂਸਕੀ ਦੇ ਟਵਿੱਟਰ ਅਕਾਊਂਟ ਅਨੁਸਾਰ ਦੋਵਾਂ ਆਗੂਆਂ ਨੇ ਰੱਖਿਆ ਦੇ ਖੇਤਰ ਵਿੱਚ ਮਦਦ ਵਧਾਉਣ ਬਾਰੇ ਚਰਚਾ ਕੀਤੀ।

ਦੁਨੀਆ ਦੇ ਸੱਭ ਤੋਂ ਵਿਕਸਤ ਮੁਲਕਾਂ ਨੇ ਪਹਿਲੇ ਦਿਨ ਦਾ ਸੈਸ਼ਨ ਜ਼ੈਲੈਂਸਕੀ ਦੀ ਹੋਰ ਮਦਦ ਦੀ ਅਰਜ਼ੋਈ ਨੂੰ ਸੁਣਨ ਤੇ ਇਸ ਬਾਰੇ ਵਿਚਾਰ ਚਰਚਾ ਕਰਨ ਉੱਤੇ ਹੀ ਬਿਤਾਇਆ। ਟਰੂਡੋ ਨਾਲ ਇੱਕ ਫੋਟੋਸੈਸ਼ਨ ਦੌਰਾਨ ਜਰਮਨੀ ਦੇ ਚਾਂਸਲਰ ਤੇ ਇਸ ਵਾਰਤਾ ਦੇ ਮੇਜ਼ਬਾਨ ਓਲਫ ਸ਼ੌਲਜ਼ ਨੇ ਆਖਿਆ ਕਿ ਉਨ੍ਹਾਂ ਵੱਲੋਂ ਟਰੂਡੋ ਨੂੰ ਇਹ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਉਹ ਜਿੰਨੀ ਹੋ ਸਕੇਗੀ ਓਨੀ ਮਦਦ ਕਰਨਗੇ।

ਸਾਰੇ ਜੀ-7 ਦੇਸ਼ਾਂ ਵੱਲੋਂ ਰੂਸ ਦੀ ਨਿਖੇਧੀ ਕੀਤੀ ਗਈ। ਇਸ ਵਾਰਤਾ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੁਲਾਕਾਤ ਲਈ ਉਚੇਚਾ ਸੱਦਾ ਦਿੱਤਾ ਗਿਆ। ਇਸ ਤੋਂ ਇਲਾਵਾ ਟਰੂਡੋ ਇੱਕ ਪ੍ਰਾਈਵੇਟ ਮੀਟਿੰਗ ਵਿੱਚ ਮੋਦੀ ਨਾਲ ਵੱਖਰੇ ਤੌਰ ਉੱਤੇ ਮੁਲਾਕਾਤ ਕਰਨਗੇ।

## ਨਸ਼ਾ ਕਰਕੇ ਹਾਦਸੇ ਨੂੰ ਅੰਜਾਮ ਦੇਣ ਵਾਲੇ ਬੱਸ ਡਰਾਈਵਰ ਨੂੰ ਕੀਤਾ ਚਾਰਜ




ਬਰੈਂਪਟਨ, 30 ਜੂਨ (ਪੋਸਟ ਬਿਊਰੋ) : ਬਰੈਂਪਟਨ ਵਿੱਚ ਦੋ ਗੱਡੀਆ ਦੀ ਟੱਕਰ ਤੋਂ ਬਾਅਦ 61 ਸਾਲਾ ਬੱਸ ਡਰਾਈਵਰ ਨੂੰ ਨਸ਼ਾ ਕਰ ਕੇ ਗੱਡੀ ਚਲਾਉਣ ਦੇ ਮਾਮਲੇ ਵਿੱਚ ਚਾਰਜ ਕੀਤਾ ਗਿਆ ਹੈ।

ਪੀਲ ਪੁਲਿਸ ਨੇ ਆਖਿਆ ਕਿ ਵੀਰਵਾਰ ਨੂੰ ਰਾਤੀਂ 7:00 ਵਜੇ ਦੇ ਨੇੜੇ ਤੇੜੇ ਪੀਲ ਪੁਲਿਸ ਨੂੰ ਹਾਈਵੇਅ 50 ਨੇੜੇ ਕੰਟਰੀਸਾਈਡ ਡਰਾਈਵ ਉੱਤੇ ਇੱਕ ਬੱਸ ਵੱਲੋਂ ਕਿਸੇ ਗੱਡੀ ਨੂੰ ਪਿੱਛਿਓਂ ਟੱਕਰ ਮਾਰਨ ਦੀ ਜਾਣਕਾਰੀ ਮਿਲੀ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਬੱਸ ਦੇ ਡਰਾਈਵਰ ਨੇ ਕਾਨੂੰਨ ਹੱਦ ਨਾਲੋਂ ਦੁੱਗਣਾ ਵੱਧ ਨਸ਼ਾ ਕੀਤਾ ਹੋਇਆ ਸੀ। ਹਾਦਸੇ ਸਮੇਂ ਬੱਸ ਵਿੱਚ 40 ਵਿਦਿਆਰਥੀ ਤੇ ਦੋ ਅਧਿਆਪਕ ਸਵਾਰ ਸਨ। ਪੁਲਿਸ ਨੇ ਦੱਸਿਆ ਕਿ ਕਿਸੇ ਨੂੰ ਵੀ ਕਿਸੇ ਤਰ੍ਹਾਂ ਦੀ ਸ਼ਰੀਰਕ ਸੱਟ ਨਹੀਂ ਲੱਗੀ। ਬਰੈਂਪਟਨ ਦੀ ਇੱਕ ਅਣਪਛਾਤੀ ਮਹਿਲਾ ਨੂੰ ਵੀ ਨਸ਼ੇ ਵਿੱਚ ਗੱਡੀ ਚਲਾਉਣ ਲਈ ਚਾਰਜ ਕੀਤਾ ਗਿਆ ਹੈ। ਉਸ ਨੇ 80 ਮਿਲੀਗ੍ਰਾਮ ਤੋਂ ਵੱਧ ਸ਼ਰਾਬ ਪੀਤੀ ਹੋਈ ਸੀ।

# ਅੱਧੇ ਨਾਲੋਂ ਵੱਧ ਕੈਨੇਡੀਅਨ ਮੁਸ਼ਕਲ ਨਾਲ ਕਰ ਰਹੇ ਹਨ ਜੂਨ ਗੁਜ਼ਾਰਾ : ਸਰਵੇਅ




ਓਟਵਾ, 30 ਜੂਨ (ਪੋਸਟ ਬਿਊਰੋ) : ਪਿਛਲੇ ਚਾਲੀ ਸਾਲਾਂ ਵਿੱਚ ਕੈਨੇਡਾ ਵਿੱਚ ਮਹਿੰਗਾਈ ਦੀ ਦਰ ਐਨੀ ਕਦੇ ਨਹੀਂ ਹੋਈ ਜਿੰਨੀ ਕਿ ਹੁਣ ਹੈ। ਅੱਧੇ ਤੋਂ ਵੱਧ ਕੈਨੇਡੀਅਨਜ਼ ਦਾ ਕਹਿਣਾ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਸਮੇਂ ਉਨ੍ਹਾਂ ਦੀ ਆਰਥਿਕ ਹਾਲਤ ਕਾਫੀ ਮਾੜੀ ਹੈ।

ਕਈ ਕੈਨੇਡੀਅਨਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਸਾਲ ਵਿੱਚ ਹਾਲਾਤ ਹੋਰ ਵੀ ਨਿੱਘਰ ਸਕਦੇ ਹਨ। ਕੈਨੇਡਾ ਦੇ ਕਿਸੇ ਇੱਕ ਪ੍ਰਵਿੰਸ ਦਾ ਇਹ ਹਾਲ ਨਹੀਂ ਹੈ ਸਗੋਂ ਇੱਕ ਤੱਟ ਤੋਂ ਲੈ ਕੇ ਦੂਜੇ ਤੱਟ ਤੱਕ ਸਾਰੇ ਪਾਸੇ ਇਹੋ ਹਾਲ ਹੈ। ਸਟੈਟੇਸਟਿਕਸ ਕੈਨੇਡਾ ਮੁਤਾਬਕ ਪਿਛਲੇ ਸਾਲ ਨਾਲੋਂ ਇਸ ਸਾਲ ਮਹਿੰਗਾਈ ਦੀ ਦਰ 7.7 ਫੀ ਸਦੀ ਹੈ।1983 ਤੋਂ ਲੈ ਕੇ ਹੁਣ ਤੱਕ ਮਹਿੰਗਾਈ ਦੀ ਦਰ ਐਨੀ ਕਦੇ ਵੀ ਨਹੀਂ ਰਹੀ। ਕੈਨੇਡੀਅਨਜ਼ ਦੇ ਵਿੱਤੀ ਪੱਖੋਂ ਕਮਜ਼ੋਰ ਹੋਣ ਦਾ ਸਿਲਸਿਲਾ ਪਿਛਲੇ ਕੁੱਝ ਸਾਲਾਂ ਤੋਂ ਚੱਲ ਰਿਹਾ ਹੈ। 2018 ਵਿੱਚ 29 ਫੀ ਸਦੀ ਕੈਨੇਡੀਅਨਜ਼ ਦਾ ਇਹ ਕਹਿਣਾ ਸੀ ਕਿ ਉਨ੍ਹਾਂ ਦੀ ਆਰਥਿਕ ਹਾਲਤ ਪਹਿਲਾਂ ਨਾਲੋਂ ਖਰਾਬ ਹੋਈ ਹੈ, 2020 ਦੀ ਪਹਿਲੀ ਤਿਮਾਹੀ ਵਿੱਚ 32 ਫੀ ਸਦੀ ਕੈਨੇਡੀਅਨ ਅਜਿਹਾ ਆਖਦੇ ਸੁਣੇ ਗਏ ਜਦਕਿ 2022 ਦੀ ਦੂਜੀ ਤਿਮਾਹੀ ਵਿੱਚ 45 ਫੀ ਸਦੀ ਇਹ ਆਖਦੇ ਸੁਣੇ ਜਾ ਸਕਦੇ ਹਨ ਕਿ ਉਨ੍ਹਾਂ ਦੀ ਆਰਥਿਕ ਹਾਲਤ ਪਹਿਲਾਂ ਦੇ ਮੁਕਾਬਲੇ ਕਮਜ਼ੋਰ ਪੈ ਚੁੱਕੀ ਹੈ।

ਇਸ ਸਮੇਂ ਸੱਭ ਤੋਂ ਵੱਧ ਗਿਣਤੀ ਵਿੱਚ ਕੈਨੇਡੀਅਨ ਇਹ ਆਖ ਰਹੇ ਹਨ ਕਿ ਉਨ੍ਹਾਂ ਦਾ ਜੂਨ ਗੁਜ਼ਾਰਾ ਹੋਣਾ ਵੀ ਮੁਸ਼ਕਲ ਹੋ ਗਿਆ ਹੈ। ਇਸੇ ਦੌਰਾਨ ਅਜਿਹਾ ਆਖਣ ਵਾਲੇ ਲੋਕਾਂ ਦੀ ਗਿਣਤੀ ਘੱਟ ਰਹੀ ਹੈ ਜਿਹੜੇ ਇਹ ਆਖਦੇ ਹਨ ਕਿ ਇਸ ਸਾਲ ਵੀ ਉਹ ਪਿਛਲੇ ਸਾਲ ਵਾਂਗ ਹੀ ਗੁਜ਼ਾਰਾ ਕਰ ਰਹੇ ਹਨ। 2018 ਵਿੱਚ ਅਜਿਹੇ ਲੋਕਾਂ ਦੀ ਗਿਣਤੀ 54 ਫੀ ਸਦੀ ਸੀ, 2020 ਵਿੱਚ ਅਜਿਹੇ ਲੋਕਾਂ ਦੀ ਗਿਣਤੀ 44 ਫੀ ਸਦੀ ਸੀ ਤੇ 2022 ਵਿੱਚ ਅਜਿਹੇ ਲੋਕਾਂ ਦੀ ਗਿਣਤੀ ਘੱਟ ਕੇ 36 ਫੀ ਸਦੀ ਰਹਿ ਗਈ। ਪਿਛਲੇ ਸਾਲ ਨਾਲੋਂ ਬਿਹਤਰ ਕਰਨ ਵਾਲਿਆਂ ਦੀ ਗਿਣਤੀ 2020 ਵਿੱਚ 23 ਫੀ ਸਦੀ ਸੀ ਤੇ ਹੁਣ ਇਹ 17 ਫੀ ਸਦੀ ਹੀ ਰਹਿ ਗਈ ਹੈ।

ਪੰਜ ਵਿੱਚੋਂ ਇੱਕ ਕੈਨੇਡੀਅਨ ਦਾ ਕਹਿਣਾ ਹੈ ਕਿ ਹੁਣ ਤੋਂ ਸਾਲ ਬਾਅਦ ਹਾਲਾਤ ਵਿੱਚ ਸੁਧਾਰ ਹੋ ਸਕਦਾ ਹੈ ਜਦਕਿ ਹਰ ਪੰਜ ਵਿੱਚੋਂ ਤਿੰਨ ਦਾ ਕਹਿਣਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਹਾਲਾਤ ਬਦ ਤੋਂ ਬਦਤਰ ਹੀ ਹੋਣ ਵਾਲੇ ਹਨ।

## ਕਾਰਜੈਕਿੰਗ ਦੇ ਮਾਮਲੇ ਵਿੱਚ ਇੱਕ ਮਹਿਲਾ ਗ੍ਰਿਫਤਾਰ




ਟੋਰਾਂਟੋ, 30 ਜੂਨ (ਪੋਸਟ ਬਿਊਰੋ) : ਟੋਰਾਂਟੋ ਦੇ ਪੱਛਮੀ ਸਿਰੇ ਉੱਤੇ ਕਾਰਜੈਕਿੰਗ ਦੇ ਮਾਮਲੇ ਵਿੱਚ ਇੱਕ 34 ਸਾਲਾ ਮਹਿਲਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਇਹ ਕਾਰਜੈਕਿੰਗ ਸੋਮਵਾਰ, 20 ਜੂਨ ਨੂੰ ਵੈਸਟਨ ਰੋਡ ਤੇ ਲਾਅਰੈਂਸ ਐਵਨਿਊ ਵੈਸਟ ਉੱਤੇ ਕੀਤੀ ਗਈ। ਟੋਰਾਂਟੋ ਪੁਲਿਸ ਅਨੁਸਾਰ ਇੱਕ ਪੁਰਸ਼ ਤੇ ਮਹਿਲਾ ਪਾਰਕਿੰਗ ਲੌਟ ਵਿੱਚ ਪਾਰਕ ਕੀਤੀ ਗਈ ਗੱਡੀ ਵਿੱਚ ਸਨ। ਫਿਰ ਮਹਿਲਾ ਨੇ ਹਥਿਆਰ ਨਾਲ ਪੁਰਸ਼ ਉੱਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ ਤੇ ਉਸ ਨਾਲ ਹੱਥੋਪਾਈ ਵੀ ਕੀਤੀ। ਫਿਰ ਉਸ ਵਿਅਕਤੀ ਨੂੰ ਕਾਰ ਤੋਂ ਬਾਹਰ ਨਿਕਲਣ ਲਈ ਮਜਬੂਰ ਕਰ ਦਿੱਤਾ। ਪੁਲਿਸ ਨੇ ਦੱਸਿਆ ਕਿ ਉਹ ਮਹਿਲਾ ਜਦੋਂ ਕਾਰ ਲੈ ਕੇ ਜਾਂਣ ਲੱਗੀ ਤਾਂ ਉਸ ਵਿਅਕਤੀ ਨੇ ਕਾਰ ਦੇ ਸਾਹਮਣੇ ਵਾਲੇ ਹਿੱਸੇ ਉੱਤੇ ਛਾਲ ਮਾਰ ਕੇ ਉਸ ਨੂੰ ਰੋਕਣ ਦੀ ਕੋਸ਼ਿਸ਼ ਵੀ ਕੀਤੀ ਪਰ ਉਹ ਜ਼ਮੀਨ ਉੱਤੇ ਜਾ ਡਿੱਗਿਆ।

ਹੋਲਡ ਅੱਪ ਸਕੁਐਡ ਦੇ ਮੈਂਬਰਾਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਉਹ ਮਹਿਲਾ ਦੀ ਪਛਾਣ ਕਰਨ ਵਿੱਚ ਸਫਲ ਵੀ ਹੋ ਗਏ ਹਨ। ਬੁੱਧਵਾਰ ਨੂੰ ਟੋਰਾਂਟੋ ਦੀ 34 ਸਾਲਾ ਸੀਗਲ ਸੁਲੇਮਾਨ ਨਾਂ ਦੀ ਮਹਿਲਾ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਉਸ ਉੱਤੇ ਰੌਬਰੀ ਤੇ ਹਥਿਆਰ ਨਾਲ ਹਮਲਾ ਕਰਨ ਦਾ ਚਾਰਜ ਲਾਇਆ ਗਿਆ ਹੈ।

# ਚਾਰ ਫਾਸਟ ਫੂਡ ਰੈਸਟੋਰੈਂਟਸ ਵਿੱਚ ਡਾਕੇ ਮਾਰਨ ਵਾਲੇ ਵਿਅਕਤੀ ਦੀ ਭਾਲ ਕਰ ਰਹੀ ਹੈ ਪੁਲਿਸ




ਟੋਰਾਂਟੋ, 30 ਜੂਨ (ਪੋਸਟ ਬਿਊਰੋ) : ਸ਼ੁੱਕਰਵਾਰ ਰਾਤ ਤੋਂ ਲੈ ਕੇ ਸ਼ਨਿੱਚਰਵਾਰ ਸਵੇਰ ਤੱਕ ਫਾਸਟ ਫੂਡ ਰੈਸਟੋਰੈਂਟਸ ਵਿੱਚ ਇੱਕ ਵਿਅਕਤੀ ਵੱਲੋਂ ਮਾਰੇ ਗਏ ਡਾਕੇ ਤੋਂ ਬਾਅਦ ਪੁਲਿਸ ਵੱਲੋਂ ਉਸ ਦੀ ਭਾਲ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਇਹ ਵਾਰਦਾਤ ਰਾਤੀਂ 9:00 ਵਜੇ ਸ਼ੁਰੂ ਹੋਈ ਜਦੋਂ ਇੱਕ ਵਿਅਕਤੀ ਯੰਗ ਸਟਰੀਟ ਤੇ ਫਰੰਟ ਸਟਰੀਟ ਇਲਾਕੇ ਵਿੱਚ ਸਥਿਤ ਇੱਕ ਫਾਸਟ ਫੂਡ ਰੈਸਟੋਰੈਂਟ ਵਿੱਚ ਦਾਖਲ ਹੋਇਆ ਤੇ ਉਸ ਨੇ ਹਥਿਆਰ ਵਿਖਾ ਕੇ ਸਟਾਫ ਤੋਂ ਭਾਰੀ ਰਕਮ ਲੁੱਟ ਲਈ। ਪਰ ਇਹ ਜਾਣਕਾਰੀ ਨਹੀਂ ਮਿਲ ਸਕੀ ਕਿ ਉਹ ਕਿੰਨੀ ਨਕਦੀ ਲੈ ਗਿਆ।

ਇਸ ਤੋਂ ਬਾਅਦ ਕੁਈਨ ਸਟਰੀਟ ਵੈਸਟ ਤੇ ਬੈਵਰਲੀ ਸਟਰੀਟ, ਡੰਡਸ ਸਟਰੀਟ ਵੈਸਟ ਤੇ ਮੈਨਿੰਗ ਐਵਨਿਊ ਤੇ ਬਾਥਰਸਟ ਸਟਰੀਟ ਉੱਤੇ ਵੀ ਸਵੇਰ ਦੇ 4:00 ਵਜੇ ਤੋਂ ਲੈ ਕੇ 5:00 ਵਜੇ ਦਰਮਿਆਨ ਇਸ ਤਰ੍ਹਾਂ ਦੇ ਤਿੰਨ ਹੋਰ ਡਾਕਿਆਂ ਦੀ ਜਾਣਕਾਰੀ ਪੁਲਿਸ ਨੂੰ ਦਿੱਤੀ ਗਈ। ਪੁਲਿਸ ਦਾ ਮੰਨਣਾ ਹੈ ਕਿ ਇਨ੍ਹਾਂ ਚਾਰੇ ਡਾਕਿਆਂ ਲਈ ਇੱਕੋ ਵਿਅਕਤੀ ਜ਼ਿੰਮੇਵਾਰ ਹੈ।

ਇਸ ਦੌਰਾਨ ਕਿਸੇ ਵਿਅਕਤੀ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਪੁਲਿਸ ਹੁਣ 25 ਤੋਂ 30 ਸਾਲ ਦਰਮਿਆਨ ਗੋਰੇ ਵਿਅਕਤੀ ਦੀ ਭਾਲ ਕਰ ਰਹੀ ਹੈ, ਜਿਸ ਦਾ ਕੱਦ 5 ਫੁੱਟ 6 ਇੰਚ ਹੋ ਸਕਦਾ ਹੈ ਤੇ ਉਸ ਦੇ ਨਿੱਕੇ ਕਾਲੇ ਵਾਲ ਹਨ ਤੇ ਉਸ ਨੇ ਚਿੱਟੀ ਟੀ-ਸ਼ਰਟ ਤੇ ਆਫ-ਵ੍ਹਾਈਟ ਪੈਂਟ ਪਾਈ ਹੋਈ ਸੀ।

## ਗੰਨ ਦੀ ਨੋਕ ਉੱਤੇ ਡਰਟ ਬਾਈਕ ਚੋਰੀ ਕਰਨ ਵਾਲਾ ਕਾਬੂ

ਟੋਰਾਂਟੋ, 30 ਜੂਨ (ਪੋਸਟ ਬਿਊਰੋ): ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਐਤਵਾਰ ਰਾਤ ਨੂੰ ਨੌਰਥ ਯੌਰਕ ਵਿੱਚ ਕਾਰਜੈਕਿੰਗ ਤੋਂ ਬਾਅਦ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਉਸ ਕੋਲੋਂ ਇੱਕ ਗੰਨ ਵੀ ਬਰਾਮਦ ਹੋਈ। ਪੁਲਿਸ ਨੇ ਦੱਸਿਆ ਕਿ ਰਾਤੀਂ 9:30 ਵਜੇ ਮਿਲਵਿੱਕ ਡਰਾਈਵ ਤੇ ਪਲੰਕੈਟ ਰੋਡ ਇਲਾਕੇ ਵਿੱਚ ਇਸਲਿੰਗਟਨ ਐਵਨਿਊ ਤੇ ਸਟੀਲਜ਼ ਐਵਨਿਊ ਵੈਸਟ ਨੇੜੇ ਇੱਕ ਕਾਰ ਵਾਲੇ ਵਿਅਕਤੀ ਨੇ ਡਰਟ ਬਾਈਕ ਉੱਤੇ ਸਵਾਰ ਵਿਅਕਤੀ ਕੋਲ ਪਹੁੰਚ ਕੀਤੀ। ਪੁਲਿਸ ਨੇ ਦੱਸਿਆ ਕਿ ਕਾਰ ਸਵਾਰ ਵਿਅਕਤੀ ਨੇ ਫੌਰਨ ਪਿਸਟਲ ਕੱਢ ਕੇ ਡਰਟ ਬਾਈਕ ਚੋਰੀ ਕਰ ਲਈ। ਬਾਅਦ ਵਿੱਚ ਪਿੱਛਾ ਕਰਨ ਉੱਤੇ ਪੁਲਿਸ ਨੂੰ ਮਸ਼ਕੂਕ ਡਰਟ ਬਾਈਕ ਉੱਤੇ ਮਿਲ ਗਿਆ ਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਮਸ਼ਕੂਕ ਕੋਲੋਂ ਭਰੀ ਹੋਈ ਪਿਸਟਲ ਵੀ ਬਰਾਮਦ ਹੋਈ ਹੈ।

# ਗਰਮ ਗੱਡੀ ਵਿੱਚ ਬੰਦ ਰਹਿਣ ਕਾਰਨ ਬੱਚੇ ਦੀ ਹੋਈ ਮੌਤ



ਓਨਟਾਰੀਓ, 30 ਜੂਨ (ਪੋਸਟ ਬਿਊਰੋ) :ਇੱਕ ਸਕੂਲ ਦੇ ਬਾਹਰ ਗਰਮ ਕਾਰ ਵਿੱਚ ਬੰਦ ਰਹਿ ਜਾਣ ਕਾਰਨ ਇੱਕ 23 ਮਹੀਨਿਆਂ ਦੇ ਬੱਚੇ ਦੀ ਮੌਤ ਹੋ ਗਈ। ਕਾਰ ਉਸ ਸਕੂਲ ਦੇ ਬਾਹਰ ਹੀ ਖੜ੍ਹੀ ਸੀ ਜਿੱਥੇ ਬੱਚੇ ਦੀ ਮਾਂ ਪੜ੍ਹਾਉਂਦੀ ਸੀ। ਇਹ ਜਾਣਕਾਰੀ ਮੇਅਰ ਨੇ ਦਿੱਤੀ। ਬੈਂਕ੍ਰੌਫਟ, ਓਨਟਾਰੀਓ ਦੇ ਮੇਅਰ ਪਾਲ ਜੈਨਕਿੰਜ਼, ਜੋ ਇਸ ਪਰਿਵਾਰ ਦੇ ਨੇੜਲੇ ਦੋਸਤ ਹਨ ਤੇ ਇਸ ਪਰਿਵਾਰ ਨੂੰ ਪਿਛਲੇ 30 ਸਾਲਾਂ ਤੋਂ ਜਾਣਦੇ ਹਨ, ਨੇ ਦੱਸਿਆ ਕਿ ਵੀਰਵਾਰ ਨੂੰ ਅਧਿਆਪਕਾਂ ਤੇ ਐਮਰਜੰਸੀ ਅਮਲੇ ਵੱਲੋਂ ਨੌਰਥ ਹੇਸਟਿੰਗਜ਼ ਹਾਈ ਸਕੂਲ ਦੇ ਬਾਹਰ ਇਸ ਬੱਚੇ ਨੂੰ ਹੋਸ਼ ਵਿੱਚ ਲਿਆਉਣ ਲਈ ਪੂਰਾ ਜ਼ੋਰ ਲਾਏ ਜਾਣ ਦੇ ਬਾਵਜੂਦ ਐਵਰੈੱਟ ਸਮਿੱਥ ਦੀ ਮੌਤ ਹੋ ਗਈ। ਜੈਨਕਿੰਜ਼ ਨੇ ਦੱਸਿਆ ਕਿ ਐਵਰੈੱਟ ਦੀ ਮਾਂ ਇਸ ਸਕੂਲ ਵਿੱਚ ਅਧਿਆਪਿਕਾ ਹੈ। ਮੇਅਰ ਅਨੁਸਾਰ ਬੱਚੇ ਦੀ ਮਾਂ ਨੇ ਕੰਮ ਉੱਤੇ ਜਾਂਦੇ ਸਮੇਂ ਆਪਣੇ ਲੜਕੇ ਨੂੰ ਡੇਅਕੇਅਰ ਵਿੱਚ ਛੱਡਣਾ ਸੀ। ਜੈਨਕਿੰਜ਼ ਨੇ ਦੱਸਿਆ ਕਿ ਇਸ ਗੱਲ ਦਾ ਕਿਸੇ ਨੂੰ ਵੀ ਧਿਆਨ ਨਹੀਂ ਆਇਆ ਕਿ ਸਕੂਲ ਖ਼ਤਮ ਹੋਣ ਤੱਕ ਐਵਰੈੱਟ ਗੱਡੀ ਵਿੱਚ ਹੀ ਸੀ। ਉਸ ਦਿਨ ਦੱਖਣੀ ਓਨਟਾਰੀਓ ਵਿੱਚ ਹੀਟ ਵਾਰਨਿੰਗ ਜਾਰੀ ਕੀਤੀ ਗਈ ਸੀ ਤੇ ਤਾਪਮਾਨ 30 ਡਿਗਰੀ ਤੱਕ ਪਹੁੰਚ ਗਿਆ ਸੀ। ਉਸ ਦਿਨ ਬੈਂਕ੍ਰੌਫਟ ਦਾ ਤਾਪਮਾਨ 27.1 ਡਿਗਰੀ ਰਿਕਾਰਡ ਕੀਤਾ ਗਿਆ। ਗੱਡੀ ਵਿੱਚ ਬਿਨਾਂ ਸਾਹ ਸਤ ਦੇ ਬੱਚੇ ਦੇ ਮਿਲਣ ਉਪਰੰਤ ਦੁਪਹਿਰੇ 3:45 ਉੱਤੇ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਬੱਚੇ ਨੂੰ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਗਿਆ ਪਰ ਉਸ ਨੂੰ ਥੋੜ੍ਹੀ ਦੇਰ ਬਾਅਦ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

# ਹੁਣ ਸਿਰਫ 75 ਡਾਲਰ ਵਿੱਚ ਕਰਵਾਓ ਵਿਆਹ



ਬਰੈਂਪਟਨ, 30 ਜੂਨ (ਪੋਸਟ ਬਿਊਰੋ) : ਸਿਟੀ ਆਫ ਬਰੈਂਪਟਨ ਵੱਲੋਂ 23 ਜੁਲਾਈ, 2022 ਲਈ ਸਿਵਲ ਮੈਰਿਜ ਸੈਰੇਮਨੀਜ਼ ਲਈ ਸਪੈਸ਼ਲ ਪ੍ਰਮੋਸ਼ਨ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਹੁਣ ਇਸ ਖਾਸ ਦਿਨ ਤੁਸੀਂ ਤੇ ਤੁਹਾਡਾ ਪਾਰਟਨਰ ਸਿਰਫ 75 ਡਾਲਰ ਵਿੱਚ ਫਾਰਮਰਜ਼ ਮਾਰਕਿਟ ਦੌਰਾਨ ਗੇਜ ਪਾਰਕ ਦੇ ਗਜ਼ੀਬੋ ਵਿੱਚ ਰਸਮੀ ਤੌਰ ਉੱਤੇ ਵਿਆਹ ਬੰਧਨ ਵਿੱਚ ਬੱਝ ਸਕਦੇ ਹੋਂ। ਇੱਥੇ ਲਿਮਿਟਿਡ ਥਾਂ ਹੀ ਉਪਲਬਧ ਹੈ। ਇਸ ਲਈ ਇਨ ਪਰਸਨ ਤੌਰ ਉੱਤੇ 13 ਜੁਲਾਈ, 2022 ਤੱਕ ਤੁਸੀਂ ਬੁਕਿੰਗ ਕਰਵਾ ਸਕਦੇ ਹੋਂ। ਇਸ ਬੁਕਿੰਗ ਸਮੇਂ ਪੂਰੀ ਰਕਮ ਵਸੂਲੀ ਜਾਵੇਗੀ। ਬੁਕਿੰਗ ਸਮੇਂ ਵੈਲਿਡ ਮੈਰਿਜ ਲਾਇਸੰਸ ਪੇਸ਼ ਕੀਤਾ ਜਾ ਸਕਦਾ ਹੈ ਜਾਂ 160 ਡਾਲਰ ਵਿੱਚ ਉਸੇ ਸਮੇਂ ਖਰੀਦਿਆ ਜਾ ਸਕਦਾ ਹੈ।

ਮੈਰਿਜ ਲਾਇਸੰਸ ਲਈ ਅਪੁਆਇੰਟਮੈਂਟ www.brampton.ca/skiptheline ਉੱਤੇ ਜਾਂ ਨਿਜੀ ਤੌਰ ਉੱਤੇ ਸਿਟੀ ਹਾਲ ਤੋਂ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 8:30 ਵਜੇ ਤੋਂ ਸ਼ਾਮ ਦੇ 4:00 ਵਜੇ ਤੱਕ ਲਈ ਜਾ ਸਕਦੀ ਹੈ।

ਮੈਰਿਜ ਲਾਇਸੰਸ : ਵਿਆਹ ਦੀ ਤਿਆਰੀ ਕਰ ਰਹੇ ਹੋਂ? ਓਨਟਾਰੀਓ ਵਿੱਚ ਵਿਆਹ ਕਰਵਾਉਣ ਤੋਂ ਪਹਿਲਾਂ ਤੁਹਾਨੂੰ ਲਾਜ਼ਮੀ ਤੌਰ ਉੱਤੇ ਮੈਰਿਜ ਲਾਇਸੰਸ ਹਾਸਲ ਕਰਨਾ ਹੋਵੇਗਾ। ਮੈਰਿਜ ਲਾਇਸੰਸ ਸਬੰਧੀ ਹੋਰ ਵੇਰਵੇ ਸਿਟੀ ਆਫ ਬਰੈਂਪਟਨ ਤੋਂ ਹਾਸਲ ਕੀਤੇ ਜਾ ਸਕਦੇ ਹਨ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation

214-7895 Tranmere Drive, Mississauga ON L5S 1V9

## ਅੱਜ ਨਾਮਾ >>

ਕਰਿਆ ਇੱਕ ਮਤਾ ਪੰਜਾਬ ਅਸੈਂਬਲੀ ਨੇ,
ਅਗਨੀਪੱਥ ਨਹੀਂ ਦੇਸ਼ ਲਈ ਠੀਕ ਮੀਆਂ।
ਭਰਤੀ ਫੌਜਾਂ ਵਿੱਚ ਖੋਲ੍ਹਣੀ ਚਾਹੀਦੀ ਫਿਰ,
ਗੱਭਰੂ ਕਰਦੇ ਆ ਜੀਹਦੀ ਉਡੀਕ ਮੀਆਂ।
ਸਾਲਾਂ ਚਹੁੰ ਲਈ ਵਰਤ ਕੇ ਕੱਢ ਦਿਉਗੇ,
ਬਾਕੀ ਉਮਰ ਲਈ ਲੱਗੂਗੀ ਲੀਕ ਮੀਆਂ।
ਸਾਬਕਾ ਫੌਜੀ ਵੀ ਕਹੇ ਨਹੀਂ ਜਾਣਗੇ ਉਹ,
ਸਾਕ-ਅੰਗ ਨਾ ਆਉਣਾ ਨਜ਼ਦੀਕ ਮੀਆਂ।
ਜਦੋਂ ਕੋਈ 'ਫੌਜੀਆ' ਹੱਸ ਕੇ ਕਹੂਗਾ ਵੀ,
ਕਰਿਆ ਲੱਗੂ ਉਹ ਸਿਰਫ ਮਜ਼ਾਕ ਮੀਆਂ।
ਤੀਹਾਂ ਸਾਲਾਂ ਤੋਂ ਪਹਿਲਾਂ ਜਦ ਘਰੀਂ ਆਏ,
ਕਰਨਾ ਉਨ੍ਹਾਂ ਨੂੰ ਕਿਸੇ ਨਹੀਂ ਸਾਕ ਮੀਆਂ।

**ਤੀਸ ਮਾਰ ਖਾਂ**







ਬੀਤੇ ਐਤਵਾਰ ਬਰੈਂਪਟਨ ਵਿਚ ਕੰਟਰੀਸਾਈਡ ਐਂਡ ਕੌਲਰੀਨ ਦੇ ਏਰੀਆ ਵਿਚ ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਦਰਬਾਰ ਦੇ ਪ੍ਰਬੰਧਕਾਂ ਵਲੋਂ 25 ਏਕੜ ਦੇ ਜਮੀਨ ਦੇ ਟੁਕੜੇ ਵਿਚ ਗੁਰੂਦੁਆਰਾ ਸਾਹਿਬ ਅਤੇ ਗੋਬਿੰਦ ਸਰਵਰ ਕਿੰਡਰਗਾਰਟਨ ਤੋਂ ਲੈ ਕੇ ਗਰੇਡ 10 ਤੱਕ ਸਕੂਲ ਦੀ ਉਸਾਰੀ ਦੇ ਲਈ ਟੱਕ ਲਾਇਆ ਗਿਆ। ਇਸ ਮੌਕੇ ਹਜਾਰਾਂ ਸੰਗਤਾਂ ਨੇ ਹਾਜਰੀ ਭਰੀ।

# ਮੁੱਖ ਮੰਤਰੀ ਮਾਨ ਦਾ ਐਲਾਨ, ਠੇਕਾ ਆਧਾਰ ਉੱਤੇ ਕੰਮ ਕਰਦੇ 36 ਹਜ਼ਾਰ ਮੁਲਾਜ਼ਮ ਪੱਕੇ ਕਰਾਂਗੇ

### * ਤਿੰਨ ਮੰਤਰੀਆਂ ਦੀ ਕਮੇਟੀ ਬਣਾਈ



ਚੰਡੀਗੜ੍ਹ, 30 ਜੂਨ, (ਪੋਸਟ ਬਿਊਰੋ)- ਪੰਜਾਬ ਸਰਕਾਰ ਲਈ ਠੇਕੇ ਦੇ ਆਧਾਰ ਉੱਤੇ ਸੇਵਾ ਨਿਭਾ ਰਹੇ ਸਾਰੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ ਤਿੰਨ ਮੈਂਬਰੀ ਕੈਬਨਿਟ ਕਮੇਟੀ ਬਣਾਉਣ ਦਾ ਐਲਾਨ ਕੀਤਾ ਹੈ, ਜੋ ਇਸ ਦੇ ਨਵੇਂਬਿੱਲ ਲਈ ਕਾਨੂੰਨੀ ਅੜਚਣਾਂ ਦੂਰ ਕਰੇਗੀ। ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਗੁਰਮੀਤ ਸਿੰਘ ਮੀਤ ਹੇਅਰ ਤੇ ਹਰਜੋਤ ਸਿੰਘ ਬੈਂਸ ਉੱਤੇ ਅਧਾਰਿਤ ਇਹ ਕਮੇਟੀ ਸਾਰਾ ਕੰਮ ਸਿਰੇ ਤੱਕ ਪੁਚਾਵੇਗੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜਵਿਧਾਨ ਸਭਾ ਵਿੱਚ ਇਹ ਐਲਾਨ ਕਰਦੇ ਹੋਏ ਕਿਹਾ ਕਿਰਾਜ ਸਰਕਾਰ ਠੇਕੇ ਦੇ ਆਧਾਰ ਉੱਤੇ ਸੇਵਾ ਕਰਦੇ ਮੁਲਾਜ਼ਮਾਂ, ਐਡਹਾਕ, ਡੇਲੀਵੇਜਿਜ਼, ਵਰਕਚਾਰਜ ਤੇ ਆਰਜ਼ੀ ਆਧਾਰ ਉੱਤੇ ਕੰਮ ਕਰਦੇ ਮੁਲਾਜ਼ਮਾਂ ਦੀ ਸੇਵਾ ਰੈਗੂਲਰ ਕਰਨ ਲਈ ਗੰਭੀਰ ਹੈ।ਉਨ੍ਹਾ ਨੇ ਕਿਹਾ ਕਿ ਇਸ ਬਾਰੇ 2016 ਵਿੱਚ ਬਣਾਇਆ ਕਾਨੂੰਨ ਅਦਾਲਤੀ ਪ੍ਰਕਿਰਿਆ ਹੇਠ ਹੈ ਤੇ 2021 ਵਿੱਚ ਲਿਆਂਦੇਬਿੱਲ ਨੂੰ ਗਵਰਨਰ ਦੀ ਪ੍ਰਵਾਨਗੀ ਦੀ ਉਡੀਕ ਹੈ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਅਜਿਹੇ ਹਜ਼ਾਰਾਂ ਮੁਲਾਜ਼ਮਾਂ ਨੂੰ ਰਾਹਤ ਦੇਣ ਲਈ ਕੈਬਨਿਟ ਕਮੇਟੀ ਬਣਾਈ ਹੈ, ਜਿਹੜੀ ਕਾਨੂੰਨੀ ਮਾਹਿਰਾਂ ਨਾਲ ਵਿਚਾਰ-ਵਟਾਂਦਰੇਪਿੱਛੋਂ ਇਨ੍ਹਾਂ ਨੂੰ ਰੈਗੂਲਰ ਕਰਨ ਦਾ ਰਾਹ ਕੱਢੇਗੀ।ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਮੰਤਰੀ ਮੰਡਲ ਨੇ ਅੱਜ ਮੀਟਿੰਗ ਵਿੱਚ ਇਸ ਨਵੇਂ ਬਿੱਲ ਦੇ ਖਰੜੇ ਨੂੰ ਸਹਿਮਤੀ ਦੇ ਦਿੱਤੀ ਹੈ।ਉਨ੍ਹਾ ਕਿਹਾ ਕਿ ਕੈਬਨਿਟ ਕਮੇਟੀ ਪੰਜਾਬ ਦੇ ਐਡਵੋਕੇਟ ਜਨਰਲ ਨਾਲ ਵਿਚਾਰ- ਕਰਕੇ ਇਸ ਦੀਆਂ ਕਾਨੂੰਨੀ ਉਲਝਣਾਂ ਨੂੰ ਘੋਖੇਗੀ। ਉਨ੍ਹਾਂ ਕਿਹਾ ਕਿ ਸਰਕਾਰ ਇਸ ਕੰਮ ਲਈ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਣ ਤੋਂ ਨਹੀਂ ਝਿਜਕੇਗੀ। ਇਹ ਸਰਕਾਰ ਦੀ ਮੁੱਖਪਹਿਲ ਹੈ ਤੇ ਇਸ ਪਰਉਪਕਾਰੀ ਕਾਰਜ ਲਈ ਕੋਈ ਕਸਰ ਨਹੀਂ ਛੱਡਾਂਗੇ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਦਾ ਫ਼ਰਜ਼ ਹੈ ਕਿ ਇਨ੍ਹਾਂ ਮੁਲਾਜ਼ਮਾਂ ਨੂੰ ਰਾਹਤ ਦਿੱਤੀ ਜਾਵੇ ਤੇ ਇਸ ਦੇ ਨਵੇਂ ਬਿੱਲ ਦਾ ਖਰੜਾ ਲਾਗੂ ਕਰਨ ਤੋਂ ਪਹਿਲਾਂ ਸਾਰੇ ਕਾਨੂੰਨੀ ਅੜਿੱਕੇ ਦੂਰ ਕੀਤੇ ਜਾਣਗੇ ਤਾਂ ਕਿ ਇਸ ਦਾ ਪਿਛਲੇ ਬਿੱਲਾਂ ਵਰਗਾ ਹਸ਼ਰ ਨਾ ਹੋਵੇ।

# 'ਇੱਕ ਵਿਧਾਇਕ ਇੱਕ ਪੈਨਸ਼ਨ' ਦਾ ਬਿੱਲ ਵਿਧਾਨ ਸਭਾ ਵਿੱਚ ਪਾਸ

ਚੰਡੀਗੜ੍ਹ, 30 ਜੂਨ, (ਪੋਸਟ ਬਿਊਰੋ)- ਪੰਜਾਬਵਿਧਾਨ ਸਭਾ ਵਿੱਚ'ਇੱਕ ਵਿਧਾਇਕਇੱਕ ਪੈਨਸ਼ਨ'ਬਾਰੇ ਬਿੱਲ ਅੱਜ ਸਿੱਖਿਆ ਮੰਤਰੀ ਨੇ ਪੇਸ਼ ਕੀਤਾਅਤੇ ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਇੱਕ ਪੈਨਸ਼ਨ ਦੇਣ ਲਈ ਪੇਸ਼ ਹੋਏ ਬਿੱਲ ਦਾ ਸਵਾਗਤ ਕੀਤਾ, ਪਰ ਵਿਧਾਇਕਾਂ ਦੀ ਤਨਖਾਹ ਚੀਫ ਸੈਕਟਰੀ ਰੈਂਕ ਬਰਾਬਰ ਕਰਨ ਦੀ ਮੰਗ ਕਰ ਦਿੱਤੀ।ਪੇਸ਼ ਕੀਤੇ ਗਏ ਨਵੇਂ ਬਿੱਲ ਮੁਤਾਬਿਕ ਸਾਬਕਾ ਵਿਧਾਇਕਾਂ ਨੂੰ 60 ਹਜ਼ਾਰ ਰੁਪਏ ਮਹੀਨਾ ਪੈਨਸ਼ਨ ਅਤੇ ਮਹਿਗਾਈ ਭੱਤਾ ਮਿਲੇਗਾ, ਪਰ ਪਹਿਲਾਂ ਵਾਂਗ ਹਰ ਟਰਮ ਦੇ ਹਿਸਾਬ ਨਾਲ ਪੈਨਸ਼ਨਾਂ ਨਹੀਂ ਵਧਣਗੀਆਂ।

ਇਸ ਦੌਰਾਨ ਅੱਜ ਗੜ੍ਹਸ਼ੰਕਰ ਹਲਕੇ ਦੇ ਵਿਧਾਇਕ ਜੈਕਿਸ਼ਨ ਰੋੜੀ ਨੂੰ ਵਿਧਾਨ ਸਭਾ ਦਾ ਡਿਪਟੀ ਸਪੀਕਰ ਚੁਣ ਲਿਅ ਗਿਆ ਅਤੇ ਬਾਅਦ ਵਿੱਚ ਇਹ ਸਦਨ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ।

ਉਸ ਤੋਂ ਪਹਿਲਾਂ ਭਾਰਤੀ ਫੌਜ ਦੀ ਭਰਤੀ ਵਾਸਤੇ ਕੇਂਦਰ ਸਰਕਾਰ ਦੀ ਅਗਨੀਪੱਥ ਸਕੀਮ ਵਿਰੁੱਧਵਿਧਾਨ ਸਭਾ ਵਿੱਚ ਮਤਾ ਪਾਸ ਕੀਤਾ ਗਿਆ। ਇਸ ਮੌਕੇਮੁੱਖ ਮੰਤਰੀ ਭਗਵੰਤ ਮਾਨ ਨੇ ਫੌਜ ਵਿੱਚ ਭਰਤੀ ਲਈ ਕੇਂਦਰ ਸਰਕਾਰ ਵੱਲੋਂ ਲਿਆਂਦੀ ਅਗਨੀਪਥ ਸਕੀਮ ਦੇ ਖਿਲਾਫ ਮਤਾ ਪੇਸ਼ ਕੀਤਾ, ਜਿਸ ਬਾਰੇ ਭਾਜਪਾ ਦੇ ਦੋ ਮੈਂਬਰਾਂ ਤੋਂ ਬਿਨਾਂ ਬਾਕੀ ਸਾਰਿਆਂ ਦੀ ਸਹਿਮਤੀ ਦਿਖਾਈ ਦਿੱਤੀ ਕਿ ਇਹ ਸਕੀਮ ਨੌਜਵਾਨਾਂ ਵਾਸਤੇ ਫਾਇਦੇਮੰਦ ਨਹੀਂ।

ਬੱਜਟ ਸੈਸ਼ਨ ਦੇ ਆਖਰੀ ਦਿਨ ਗੜ੍ਹਸ਼ੰਕਰ ਹਲਕੇ ਤੋਂ ਦੂਸਰੀ ਵਾਰ ਵਿਧਾਇਕਬਣੇ ਜੈ ਕ੍ਰਿਸ਼ਨ ਰੋੜੀ ਨੂੰ ਸਰਬ ਸੰਮਤੀ ਨਾਲ ਵਿਧਾਨ ਸਭਾਦਾ ਡਿਪਟੀ ਸਪੀਕਰ ਚੁਣ ਲਿਆ ਗਿਆ। ਇਸ ਬਾਰੇਵਿਧਾਇਕਾ ਬਲਜਿੰਦਰ ਕੌਰ ਨੇਸਦਨ ਵਿੱਚ ਮਤਾ ਪੇਸ਼ ਕੀਤਾ ਤੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਤਾਈਦ ਕੀਤੀ, ਜਿਸ ਪਿੱਛੋਂ ਸਰਬਸੰਮਤੀ ਨਾਲ ਜੈ ਕ੍ਰਿਸ਼ਨ ਰੋੜੀ ਨੂੰ ਵਿਧਾਨ ਸਭਾ ਦਾ ਡਿਪਟੀ ਸਪੀਕਰ ਚੁਣਿਆ ਗਿਆ ਅਤੇ ਸਾਰੀਆਂ ਧਿਰਾਂ ਦੇ ਮੈਂਬਰਾਂ ਨੇ ਸਵਾਗਤ ਕੀਤਾ।

# ਪੰਜਾਬ ਪੁਲਸ ਦੇ ਡੀ ਜੀ ਪੀ ਭਾਵਰਾ ਨੇ ਕੇਂਦਰੀ ਡੈਪੂਟੇਸ਼ਨ ਵਿੱਚ ਜਾਣ ਦੀ ਇੱਛਾ ਪ੍ਰਗਟਾਈ

ਚੰਡੀਗੜ੍ਹ, 30 ਜੂਨ, (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਵੀਕੇ ਭਾਵਰਾ ਕੇਂਦਰ ਸਰਕਾਰ ਦੀ ਕਿਸੇ ਡਿਊਟੀ ਲਈ ਡੈਪੂਟੇਸ਼ਨ ਉੱਤੇ ਜਾਣਾ ਚਾਹੁੰਦੇ ਹਨ।ਉਨ੍ਹਾਂ ਨੇ ਇਸ ਬਾਰੇ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਰਾਜ ਸਰਕਾਰ ਨੂੰ ਪੱਤਰ ਲਿਖ ਦਿੱਤਾ ਹੈ।ਸਿੱਧੂਮੂਸੇਵਾਲਾ ਦੇ ਕਤਲ ਪਿਛੋਂਰਾਜ ਸਰਕਾਰ ਭਾਵਰਾ ਤੋਂ ਨਾਰਾਜ਼ ਹੈ। ਆਮ ਆਦਮੀ ਪਾਰਟੀ ਦੇ ਸੱਤਾ ਵਿਚ ਆਉਣ ਪਿੱਛੋਂ ਵਿਰੋਧੀ ਪਾਰਟੀਆਂ ਨੇ ਕਾਨੂੰਨ ਵਿਵਸਥਾ ਬਾਰੇ ਸਰਕਾਰ ਦੀ ਨੁਕਤਾਚੀਨੀ ਕੀਤੀ ਅਤੇ ਸਿੱਧੂਮੂਸੇਵਾਲਾ ਦੇ ਕਤਲ ਦਾ ਅਸਰ ਸੰਗਰੂਰ ਲੋਕ ਸਭਾ ਉੱਪ ਚੋਣ ਉੱਤੇ ਵੀ ਪਿਆ ਹੈ।

ਚਰਨਜੀਤ ਸਿੰਘ ਚੰਨੀ ਦੇ ਸੱਤਾ ਸਾਂਭਦੇ ਸਾਰ ਦਿਨਕਰ ਗੁਪਤਾ ਨੂੰ ਹਟਾ ਕੇ ਇਕਬਾਲ ਪ੍ਰੀਤ ਸਿੰਘ ਸਹੋਤਾ ਨੂੰ ਡੀਜੀਪੀ ਬਣਾਇਆ ਗਿਆ ਸੀ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਸਹੋਤਾਖਿਲਾਫ ਮੋਰਚਾ ਖੋਲ੍ਹ ਦਿੱਤਾ ਤਾਂ ਆਖਰੀ ਸਮੇਂਸਿਧਾਰਥ ਚਟੋਪਾਧਿਆਏ ਨੂੰ ਡੀ ਜੀ ਪੀਲਾਉਣਾ ਪਿਆ। ਇਸ ਪਿੱਛੋਂ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਨੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ(ਯੂ ਪੀਐੱਸਸੀ) ਨੂੰ ਪੈਨਲ ਭੇਜਿਆ ਤਾਂ ਡੀ ਜੀ ਪੀ, ਵੀ ਕੇ ਭਾਵਰਾ ਦਾ ਨਾਮ ਪੈਨਲ ਤੋਂ ਆਏ ਤੋਂ ਬੀਤੇ ਜਨਵਰੀ ਵਿੱਚ ਇਹ ਅਹੁਦਾ ਮਿਲਿਆ ਸੀ। ਭਾਵਰਾ ਨੇ ਖੁਦ ਹੀ ਕੇਂਦਰ ਵਿੱਚ ਜਾਣਾ ਚਾਹੁੰਦੇ ਹਨ।

ਦੂਸਰੇ ਪਾਸੇ ਨਵੇਂ ਡੀ ਜੀ ਪੀਬਣਨ ਦੀ ਦੌੜ ਵਿੱਚ ਆਈਪੀਐਸ ਹਰਪ੍ਰੀਤ ਸਿੰਘ ਸਿੱਧੂਅਤੇ ਗੌਰਵ ਯਾਦਵ ਦਾ ਨਾਂ ਸਭ ਤੋਂ ਉੱਪਰ ਹੈ। ਗੌਰਵ ਯਾਦਵ ਕੁਝ ਸਮਾਂ ਪਹਿਲਾਂ ਸਪੈਸ਼ਲ ਪ੍ਰਿੰਸੀਪਲ ਸੈਕਟਰੀ ਬਣਾਏ ਸਨ ਤੇਹਰਪ੍ਰੀਤ ਸਿੰਘ ਸਿੱਧੂ ਨਸ਼ੀਲੇ ਪਦਾਰਥਾਂ ਵਿਰੁੱਧ ਸਪੈਸ਼ਲ ਟਾਸਕ ਫੋਰਸ (ਐੱਸਟੀਐੱਫ)ਦੇ ਮੁਖੀ ਹਨ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਿੱਚਡੀ ਜੀ ਪੀ ਰਹਿ ਚੁੱਕੇ ਦਿਨਕਰ ਗੁਪਤਾ ਨੂੰ ਪਿੱਛੇ ਜਿਹੇਦੇਸ਼ ਦੀ ਕੌਮੀ ਜਾਂਚ ਏਜੰਸੀ (ਐੱਨਆਈਏ) ਦਾ ਮੁਖੀ ਬਣਾਇਆ ਗਿਆ ਹੈ।ਉਹ ਪੰਜਾ-ਬਪੁਲਿਸ ਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਸਨ।






# ਪੀਲ ਖੇਤਰ ਨੂੰ ਉਂਟੇਰੀਓ ਵਜ਼ਾਰਤ ਵਿੱਚ ਬਣਦੀ ਨੁਮਾਇੰਦਗੀ – ਸਹੀ ਕਦਮ

...ਪੰਨਾ 1 ਦਾ ਬਾਕੀ

ਅਮਰਜੋਤ ਸੰਧੂ ਬੁਨਿਆਦੀ ਢਾਂਚੇ, ਹਰਦੀਪ ਗਰੇਵਾਲ ਟਰਾਂਸਪੋਰਟ, ਗਰਾਹਮ ਮੈਕਗਰੈਗਰ ਨੂੰ ਸਿਟੀਜ਼ਨਸ਼ਿੱਪ ਮਹਿਕਮੇ ਦਾ ਪਾਰਲੀਮਾਨੀ ਅਸਿਸਟੈਂਟ ਲਾ ਕੇ ਸਮੁੱਚੇ ਸ਼ਹਿਰ ਵਾਸੀਆਂ ਨੂੰ ਭਰੋਸਾ ਦਿੱਤਾ ਗਿਆ ਹੈ ਕਿ ਸਰਕਾਰ ਤੁਹਾਡੇ ਨਾਲ ਖੜੀ ਹੈ। ਡੱਫਰਿਨ ਕੈਲੈਡਾਨ ਤੋਂ ਸਿਲਵੀਆ ਜੋਨਸ ਡਿਪਟੀ ਪ੍ਰੀਮੀਅਰ ਅਤੇ ਸਿਹਤ ਮੰਤਰੀ, ਮਿਸੀਸਾਗਾ ਈਸਟ-ਕੁੱਕਸਵਿੱਲ ਤੋਂ ਕਲੀਦ ਰਸ਼ੀਦ ਨੂੰ ਪਬਲਿਕ ਅਤੇ ਬਿਜਨਸ ਸੇਵਾਵਾਂ ਦਾ ਮੰਤਰੀ ਲਾ ਕੇ ਸਮੁੱਚੇ ਖੇਤਰ ਵਿੱਚ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ ਗਿਆ ਹੈ। ਜੇ ਪੰਜਾਬੀ ਭਾਈਚਾਰੇ ਦੀ ਗੱਲ ਕੀਤੀ ਜਾਵੇ ਤਾਂ ਦੋ ਪੰਜਾਬੀ ਮੰਤਰੀਆਂ (ਪ੍ਰਭਮੀਤ ਸਰਕਾਰੀਆ ਅਤੇ ਕਲੀਦ ਰਸ਼ੀਦ) ਤੋਂ ਇਲਾਵਾ 3 ਪਾਰਲੀਮਾਨੀ ਸਕੱਤਰ (ਹਰਦੀਪ ਗਰੇਵਾਲ, ਅਮਰਜੋਤ ਸੰਧੂ ਅਤੇ ਦੀਪਕ ਆਨੰਦ) ਇਸ ਖੇਤਰ ਦੀ ਨੁਮਾਇੰਦਗੀ ਕਰਨਗੇ।

ਸੁਆਲ ਹੈ ਕਿ ਕੀ ਐਨੀ ਵੱਡੀ ਤੱਕਵੀ ਆਵਾਜ਼ ਦੇ ਵਜ਼ਾਰਤ ਵਿੱਚ ਮਿਲਣ ਦੇ ਪੀਲ ਖੇਤਰ ਲਈ ਕੀ ਮਾਅਨੇ ਹਨ? ਪੀਲ ਖੇਤਰ ਵਿੱਚ ਸਮਾਜਿਕ ਸੇਵਾਵਾਂ ਲਈ ਨੇੜੇ ਦੇ ਹੋਰ ਖੇਤਰਾਂ, ਯੌਰਕ, ਹਾਲਟਨ, ਡੁਰਹਾਮ, ਟੋਰਾਂਟੋ ਆਦਿ ਦੇ ਮੁਕਾਬਲੇ ਪ੍ਰਤੀ ਵਿਅਕਤੀ ਅੱਧੇ ਨਾਲੋਂ ਵੀ ਘੱਟ ਡਾਲਰ ਮਿਲਦੇ ਹਨ। ਸਮਾਜਿਕ ਸੇਵਾਵਾਂ ਲਈ ਘੱਟ ਡਾਲਰ ਇਸ ਤੱਥ ਦੇ ਬਾਵਜੂਦ ਮਿਲਦੇ ਹਨ ਕਿ ਪੀਲ ਖੇਤਰ ਦੀ ਵੱਸੋਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਜਨਸੰਖਿਆ ਵਿੱਚ ਵਾਧੇ ਦੇ ਅਰਥ ਹੈ ਟੈਕਸ ਡਾਲਰਾਂ ਦਾ ਸਰਕਾਰੀ ਖਜਾਨੇ ਵਿੱਚ ਵੱਧ ਜਾਣਾ, ਬਿਜਸਨ ਟੈਕਸਾਂ ਦਾ ਵੱਧ ਲਾਇਆ ਜਾਣਾ।

# ਬੀਵੀਡੀ ਗਰੁੱਪ ਨੇ ਓਸਲਰ ਫਾਊਂਡੇਸ਼ਨ ਨੂੰ ਦਿੱਤੀ 10 ਮਿਲੀਅਨ ਡਾਲਰ ਦੀ ਡੋਨੇਸ਼ਨ

...ਪੰਨਾ 1 ਦਾ ਬਾਕੀ

250 ਬੈੱਡ ਹੋਣਗੇ ਤੇ ਇਸ ਦੇ ਨਾਲ ਹੀ ਆਊਟਪੇਸ਼ੈਂਟ ਸੇਵਾਵਾਂ ਤੇ ਡੇਅ ਪ੍ਰੋਗਰਾਮਜ਼ ਦੇ ਮਿਆਰ ਨੂੰ ਵੀ ਉੱਚਾ ਚੁੱਕਿਆ ਜਾਵੇਗਾ। ਇਸ ਸਾਲ ਦੇ ਅੰਤ ਤੱਕ ਮੌਜੂਦਾ ਅਰਜੈਂਟ ਕੇਅਰ ਸੈਂਟਰ ਨੂੰ 24/7 ਕੰਮ ਕਰਨ ਵਾਲਾ ਸੈਂਟਰ ਬਣਾਇਆ ਜਾਵੇਗਾ। ਇਸ ਨਾਲ ਬਰੈਂਪਟਨ ਵਿੱਚ ਦੂਜੇ ਫੁੱਲ ਐਮਰਜੰਸੀ ਡਿਪਾਰਟਮੈਂਟ ਲਈ ਰਾਹ ਪੱਧਰਾ ਹੋ ਜਾਵੇਗਾ।

ਇਸ ਦੌਰਾਨ ਬਰੈਂਪਟਨ ਸਿਵਿਕ ਹਸਪਤਾਲ ਵਿੱਚ ਕੈਂਸਰ ਕੇਅਰ ਸਰਵਿਸਿਜ਼ ਦਾ ਪਸਾਰ ਹੋਵੇਗਾ ਤੇ ਕਮਿਊਨਿਟੀ ਲਈ ਕੈਂਸਰ ਕੇਅਰ ਵਿੱਚ ਵਾਧਾ ਹੋਵੇਗਾ ਤੇ ਬਰੈਂਪਟਨ ਦੇ ਮਰੀਜ਼ਾਂ ਤੇ ਪਰਿਵਾਰਾਂ ਨੂੰ ਆਪਣੇ ਘਰ ਦੇ ਨੇੜੇ ਹੀ ਰੇਡੀਏਸ਼ਨ ਟਰੀਟਮੈਂਟ ਵੀ ਮਿਲ ਸਕੇਗਾ। ਇਟੋਬੀਕੋ ਜਨਰਲ ਹਸਪਤਾਲ ਵਿੱਚ ਵੀ ਮਿਆਰੀ ਸਿਹਤ ਸਹੂਲਤਾਂ ਮਿਲ ਸਕਣਗੀਆਂ। ਵਿਲੀਅਮ ਓਸਲਰ ਹੈਲਥ ਸਿਸਟਮ ਦੇ ਅੰਤਰਿਮ ਪ੍ਰੈਜ਼ੀਡੈਂਟ ਡਾ· ਫਰੈਂਕ ਮਾਰਟੀਨੋ ਨੇ ਆਖਿਆ ਕਿ ਢਿੱਲੋਂ ਪਰਿਵਾਰ ਤੇ ਬੀਵੀਡੀ ਗਰੁੱਪ ਦਾ ਇਹ ਅਦੁੱਤਾ ਤੋਹਫਾ ਸਾਡੀਆਂ ਕਮਿਊਨਿਟੀਜ਼ ਲਈ ਕਾਫੀ ਫਾਇਦੇਮੰਦ ਸਿੱਧ ਹੋਵੇਗਾ। ਉਨ੍ਹਾਂ ਬਿਕਰਮ ਢਿੱਲੋਂ, ਢਿੱਲੋਂ ਪਰਿਵਾਰ ਤੇ ਬੀਵੀਡੀ ਗਰੁੱਪ ਦਾ ਧੰਨਵਾਦ ਕੀਤਾ।

ਇਸ ਮੌਕੇ ਬੀਵੀਡੀ ਗਰੁੱਪ ਦੇ ਸੀਈਓ ਬਿਕਰਮ ਢਿੱਲੋਂ ਨੇ ਆਖਿਆ ਕਿ ਉਨ੍ਹਾਂ ਦੇ ਚਾਰ ਬੱਚੇ ਤੇ ਨੌਂ ਗ੍ਰੈਂਡਚਿਲਡਰਨ ਬਰੈਂਪਟਨ ਤੇ ਇਟੋਬੀਕੋ ਦੇ ਹਸਪਤਾਲਾਂ ਵਿੱਚ ਹੀ ਪੈਦਾ ਹੋਏ। ਉਨ੍ਹਾਂ ਆਖਿਆ ਕਿ ਇਸ ਕਮਿਊਨਿਟੀ ਨੇ ਉਨ੍ਹਾਂ ਦੇ ਪਰਿਵਾਰ ਨੂੰ ਬਹੁਤ ਕੁੱਝ ਦਿੱਤਾ ਹੈ ਤੇ ਇਸ ਡੋਨੇਸ਼ਨ ਦੇ ਰੂਪ ਵਿੱਚ ਉਹ ਵੀ ਕਮਿਊਨਿਟੀ ਨੂੰ ਕੁੱਝ ਮੋੜਨਾ ਚਾਹੁੰਦੇ ਹਨ। ਆਪਣੇ ਹਸਪਤਾਲਾਂ ਨੂੰ ਹੋਰ ਮਿਆਰੀ ਬਣਾ ਕੇ ਅਸੀਂ ਕਮਿਊਨਿਟੀ ਦੀ ਹੀ ਸੇਵਾ ਕਰਨੀ ਚਾਹੁੰਦੇ ਹਾਂ। ਉਨ੍ਹਾ ਆਸ ਪ੍ਰਗਟਾਈ ਕਿ ਹੋਰ ਲੋਕ ਵੀ ਇਸ ਤਰ੍ਹਾਂ ਮਦਦ ਕਰਕੇ ਆਪਣੀ ਕਮਿਊਨਿਟੀ ਦਾ ਭਲਾ ਕਰਨ ਬਾਰੇ ਸੋਚਣਗੇ।

ਇਸ ਮੌਕੇ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ, ਡਿਪਟੀ ਪ੍ਰੀਮੀਅਰ ਸਿਲਵੀਆ ਜੋਨਜ਼,ਖਜ਼ਾਨਾ ਬੋਰਡ ਦੇ ਪ੍ਰੈਜ਼ੀਡੈਂਟ ਤੇ ਬਰੈਂਪਟਨ ਸਾਊਥ ਤੋਂ ਐਮਪੀਪੀ ਪ੍ਰਭਮੀਤ ਸਰਕਾਰੀਆ, ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ, ਬਰੈਂਪਟਨ ਤੋਂ ਕਈ ਐਮਪੀਪੀਜ਼ ਤੇ ਬਰੈਂਪਟਨ ਸਿਟੀ ਕਾਊਂਸਲ ਦੇ ਮੈਂਬਰਾਂ ਦੇ ਨਾਲ ਨਾਲ ਟਾਊਨ ਆਫ ਕੇਲਡਨ ਕਾਊਂਸਲ ਦੇ ਮੈਂਬਰ ਵੀ ਹਾਜ਼ਰ ਸਨ। ਇਸ ਦੌਰਾਨ ਪ੍ਰੀਮੀਅਰ ਫੋਰਡ ਨੇ ਆਖਿਆ ਕਿ ਇਸ ਐਲਾਨ ਤੋਂ ਸਿੱਧ ਹੁੰਦਾ ਹੈ ਕਿ ਜਦੋਂ ਅਸੀਂ ਸਾਰੇ ਰਲ ਕੇ ਓਨਟਾਰੀਓ ਦੇ ਲੋਕਾਂ ਦੀ ਮਦਦ ਲਈ ਹੈਲਥ ਕੇਅਰ ਵਿੱਚ ਸੁਧਾਰ ਕਰਨ ਦਾ ਮਨ ਬਣਾਉਂਦੇ ਹਾਂ ਤਾਂ ਕੀ ਸੁਖਾਵਾਂ ਵਾਪਰ ਸਕਦਾ ਹੈ। ਫੋਰਡ ਤੇ ਪ੍ਰਭਮੀਤ ਸਰਕਾਰੀਆ ਨੇ ਇਸ ਡੋਨੇਸ਼ਨ ਲਈ ਬਿਕਰਮ ਢਿੱਲੋਂ, ਉਨ੍ਹਾਂ ਦੇ ਪਰਿਵਾਰ ਤੇ ਬੀਵੀਡੀ ਗਰੁੱਪ ਦਾ ਧੰਨਵਾਦ ਕੀਤਾ।

# ਤਰਕਸ਼ੀਲ ਸੋਸਾਇਟੀ ਕੈਨੇਡਾ ਦੀ ਓਨਟਾਰੀਓ ਇਕਾਈ ਵਲੋਂ ਭਦੌੜ ਵਾਸੀਆਂ ਦੇ ਸਹਿਯੋਗ ਨਾਲ 10 ਜੁਲਾਈ ਨੂੰ ਵਿਸ਼ੇਸ਼ ਸੈਮੀਨਾਰ

## ਭਦੌੜ ਮੰਡਲੀ ਦੇ ਮਾਸਟਰ ਰਾਮ ਕੁਮਾਰ, ਤਰਕਸ਼ੀਲ ਸੁਸਾਇਟੀ ਦੇ ਰਾਜਿੰਦਰ ਭਦੌੜ ਅਤੇ ਸੁਰਜੀਤ ਦੌਧਰ ਦਾ ਸਨਮਾਨ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਤਰਕਸ਼ੀਲ ਸੋਸਾਇਟੀ ਕਨੇਡਾ ਦੀ ਓਨਟਾਰੀਓ ਇਕਾਈ ਵਲੋਂ 10 ਜੁਲਾਈ, ਐਤਵਾਰ ਨੂੰ ਵੇਰਸਾਏ ਕਨਵੈਂਸ਼ਨ ਸੈਂਟਰ ਜੋ 6721 ਐਡਵਰਡਸ ਬੁਲੇਵਾਰਡ ਮਿਸੀਸਾਗਾ ਵਿਚ ਹੈ, ਭਦੌੜ ਵਾਸੀਆਂ ਦੇ ਸਹਿਯੋਗ ਨਾਲ ਇੱਕ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਇਨਕਲਾਬੀ ਗੀਤਾਂ ਲਈ ਮਸ਼ਹੂਰ ਭਦੌੜ ਮੰਡਲੀ ਦੇ ਰਾਮ ਕੁਮਾਰ, ਪੰਜਾਬ ਤੋਂ ਆਏ ਤਰਕਸ਼ੀਲ ਸੋਸਾਇਟੀ ਪੰਜਾਬ ਦੇ ਸੂਬਾ ਮੁੱਖੀ ਵਿਦਿਆਰਥੀ ਚੇਤਨਾ ਵਿਭਾਗ, ਰਜਿੰਦਰ ਭਦੌੜ, ਜੋਤਿਸ਼ ਅਤੇ ਹੱਥ ਰੇਖਾਵਾਂ ਦੀ ਬਹੁਤ ਬਰੀਕ ਜਾਣਕਾਰੀ ਰਖਦੇ ਤਰਕਸ਼ੀਲ ਆਗੂ, ਸੁਰਜੀਤ ਦੌਧਰ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਰਜਿੰਦਰ ਭਦੌੜ ਅਤੇ ਸੁਰਜੀਤ ਦੌਧਰ ਅਪਣੇ ਵਿਚਾਰ ਰੱਖਣਗੇ ਅਤੇ ਰਾਮ ਕੁਮਾਰ ਜੀ ਦੀ ਭਦੌੜ ਮੰਡਲੀ ਵਲੋਂ ਇੰਨਕਲਾਬੀ ਗੀਤ ਸੰਗੀਤ ਹੋਵੇਗਾ।

ਸੈਮੀਨਾਰ ਵਿਚ ਰਾਮ ਕੁਮਾਰ ਜੀ ਦੀ ਭਦੌੜ ਮੰਡਲੀ ਵਲੋਂ, ਜਿਸ ਦਾ ਪੰਜਾਬ ਵਿਚ ਲੋਕਾਂ ਦੀ ਜਿੰਦਗੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨਾਲ ਜੁੜੀਆਂ ਰਚਨਾਵਾਂ ਲੋਕਾਂ ਵਿਚ ਸੰਗੀਤ ਨਾਲ ਲਿਜਾਣ ਦਾ ਲੰਬਾ ਤਜਰਬਾ ਹੈ, ਗੀਤ ਸੰਗੀਤ ਪੇਸ਼ ਕੀਤਾ ਜਾਵੇਗਾ। ਰਜਿੰਦਰ ਭਦੌੜ ਅਪਣੇ ਵਿਚਾਰ ਪੇਸ਼ ਕਰਨਗੇ। ਉਨ੍ਹਾਂ ਨੂੰ ਪੰਜਾਬ ਵਿਚ ਵਹਿਮਾਂ ਭਰਮਾਂ ਵਿਚ ਫਸੇ ਲੋਕਾਂ ਦੇ ਮਨਾਂ ਵਿਚੋਂ ਸਰਲ ਸਪੱਸ਼ਟ ਸ਼ਬਦਾਂ ਵਿਚ ਭਰਮ ਤੋੜਨ ਦਾ ਲੰਬਾ ਤਜਰਬਾ ਹੈ। ਇਸ ਦੇ ਨਾਲ ਹੀ ਉਨ੍ਹਾਂ ਪੰਜਾਬ ਪੱਧਰ ਤੇ ਕਈ ਅਚੰਭੇ ਜਨਕ ਵਰਤਾਰਿਆਂ ਦੀ ਜਾਂਚ ਕਰਕੇ, ਉਨ੍ਹਾਂ ਨਾਲ ਕਿਸੇ ਗੈਬੀ ਸ਼ਕਤੀ ਦੇ ਜੁੜੇ ਹੋਣ ਦੇ ਭਰਮ ਭੁਲੇਖੇ ਦੂਰ ਕੀਤੇ ਹਨ। ਕਈ ਪ੍ਰੀਵਾਰਾਂ ਨੂੰ ਤੰਗ ਕਰ ਰਹੇ ਭੂਤਾਂ ਪ੍ਰੇਤਾਂ ਨਾਲ ਆਢਾ ਲਿਆ ਹੈ ਅਤੇ ਵਿਅੱਕਤੀਆਂ ਅਤੇ ਪ੍ਰੀਵਾਰਾਂ ਨੂੰ ਇਨ੍ਹਾਂ ਤੋਂ ਛੁਟਕਾਰਾ ਦਵਾਇਆ ਹੈ ਅਤੇ ਹਰ ਇੱਕ ਵਰਤਾਰੇ ਦੀ ਤਰਕਸ਼ੀਲ ਵਿਆਖਿਆ ਕੀਤੀ ਹੈ। ਸੁਰਜੀਤ ਦੌਧਰ ਜੋ ਅਪਣੇ ਨਵੇਕਲੇ ਰੌਚਿਕ ਢੰਗ ਨਾਲ ਵੱਡੇ ਇਕੱਠਾਂ ਵਿਚ ਹੱਥ ਰੇਖਾਵਾਂ ਅਤੇ ਗ੍ਰਿਹਾਂ ਤੇ ਅਧਾਰਤ ਜੋਤਿਸ਼ ਦੇ ਦਾਵਿਆਂ ਨੂੰ ਝੁਠਲਾਉਂਦੇ ਰਹੇ ਹਨ, ਵੀ ਇਸ ਸਮੇਂ ਬੋਲਣਗੇ। ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ, ਬਲਰਾਜ ਸ਼ੌਕਰ (647 679 4398) ਜਾਂ ਅਮਨਦੀਪ ਮੰਡੇਰ (647 782 8334) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਟਰੂਡੋ ਨੇ ਹੋਰ ਕੈਨੇਡੀਅਨ ਸੈਨਿਕ ਲੈਟਵੀਆ ਭੇਜਣ ਦਾ ਕੀਤਾ ਵਾਅਦਾ

...ਪੰਨਾ 1 ਦਾ ਬਾਕੀ

ਹੋਰ ਸੈਨਿਕਾਂ ਨੂੰ ਭੇਜਣ ਤੇ ਹੋਰ ਸਾਜ਼ੋ ਸਮਾਨ ਮੁਹੱਈਆ ਕਰਵਾਉਣ ਦਾ ਤਹੱਈਆ ਪ੍ਰਗਟਾਇਆ ਗਿਆ। ਹਾਲਾਂਕਿ ਇਸ ਦੌਰਾਨ ਰੱਖਿਆ ਮੰਤਰੀ ਅਨੀਤਾ ਆਨੰਦ ਨੇ ਆਖਿਆ ਕਿ ਹਾਲ ਦੀ ਘੜੀ ਇਹ ਆਖਣਾ ਜਲਦਬਾਜ਼ੀ ਹੋਵੇਗੀ ਕਿ ਕੈਨੇਡਾ ਹਥਿਆਰਬੰਦ ਸੈਨਾਵਾਂ ਦੇ ਹੋਰ ਮੈਂਬਰ ਤਾਇਨਾਤ ਕਰੇਗਾ ਪਰ ਵੀਰਵਾਰ ਨੂੰ ਟਰੂਡੋ ਨੇ ਇੱਕ ਨਿਊਜ਼ ਕਾਨਫਰੰਸ ਦਰਮਿਆਨ ਇਹ ਵਚਨਬੱਧਤਾ ਪ੍ਰਗਟਾਅ ਦਿੱਤੀ ਕਿ ਕੈਨੇਡਾ ਹੋਰ ਸੈਨਿਕ ਤਾਇਨਾਤ ਕਰੇਗਾ।



# ਮੈਟਰੋ ਪੰਜਾਬੀ ਸਪੋਰਟਸ ਕਲੱਬ ਵੱਲੋਂ ਕੈਨੇਡਾ ਕਬੱਡੀ ਕੱਪ 13 ਅਗਸਤ ਨੂੰ

ਮੈਟਰੋ ਪੰਜਾਬੀ ਸਪੋਰਟਸ ਕਲੱਬ ਵਲੋਂ ਸੂਚਨਾ ਦਿੱਤੀ ਜਾਂਦੀ ਹੈ ਕਿ ਉਨਟਾਰੀਓ ਦਾ ਆਪਣਾ 29ਵਾਂ ਕੈਨੇਡਾ ਕਬੱਡੀ ਕੱਪ ਆਉਣ ਵਾਲੀ 13 ਅਗਸਤ 2022 ਨੂੰ ਹੈਮਿਲਟਨ ਦੇ ਫਸਟ ਉਨਟਾਰੀਓ ਸੈਂਟਰ (First Ontario Center) ਵਿੱਚ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਕੈਨੇਡਾ ਈਸਟ(ਉਨਟਾਰੀਓ, ਕੈਨੇਡਾ ਵੈਸਟ(ਬੀ ਸੀ), ਭਾਰਤ, ਇੰਗਲੈਂਡ, ਅਮਰੀਕਾ ਅਤੇ ਯੂਰਪ ਦੀਆਂ ਭਾਗ ਲੈਣਗੀਆਂ। ਇਹ ਕੈਨੇਡਾ ਕੱਪ ਸਾਡੇ ਨਾਲੋਂ ਵਿੱਛੜ ਚੁੱਕੇ ਸਾਡੇ ਕਪਤਾਨ ਸੰਦੀਪ ਸਿੰਘ ਨੰਗਲ ਅੰਬੀਆਂ ਨੂੰ ਸਮਰਪਿਤ ਕੀਤਾ ਜਾਵੇਗਾ। ਅਸੀਂ ਸਾਰੇ ਪਿੰਟ, ਇਲੈਕਟਰੋਨਿਕ ਮੀਡਿਆ ਬੇਨਤੀ ਕਰਦੇ ਹਾਂ ਕਿ ਇਸਤੁਹਾਡੇ ਆਪਣੇ। ਕੱਪ ਨੂੰ ਸਫਲ ਬਣਾਉਣ ਲਈ ਮੈਟਰੋ ਪੰਜਾਬੀ ਸਪੋਰਟਸ ਕਲੱਬ ਦਾ ਸਾਥ ਦਿਓ। ਇਸ ਕੱਪ ਸੰਬੰਧੀ ਆਉਣ ਵਾਲੇ ਦਿਨਾਂ ਵਿੱਚ ਪ੍ਰੈਸ ਕਾਨਫਰੰਸ ਕਰਕੇ ਹੋਰ ਜਾਣਕਾਰੀ ਦਿੱਤੀ ਜਾਵੇਗੀ।

## ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਉਤਸਵ 3 ਜੁਲਾਈ ਨੂੰ

ਗੁਰਦੁਆਰਾ ਸਿੱਖ ਸੰਗਤ, 32 ਰੀਗਨ ਰੋਡ ਬਰੈਂਪਟਨ ਵਿਖੇ ਹਾਲ ਨੰਬਰ 1 ਵਿੱਚ ਗੁਰਦੁਆਰਾ ਮੰਜੀ ਸਾਹਿਬ ਕੋਟਾਂ ਲੁਧਿਆਣਾ ਦੀ ਸਿੱਖ ਸੰਗਤ ਅਤੇ ਮੀਰੀ ਪੀਰੀ ਟਰਾਂਸਪੋਰਟ ਬਰੈਂਪਟਨ ਵੱਲੋਂ ਬੜੇ ਉਤਸ਼ਾਹ ਅਤੇ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਸ੍ਰੀ ਅਖੰਡ ਪਾਠ ਸਾਹਿਬ 1 ਜੁਲਾਈ, ਦਿਨ ਸ਼ੁੱਕਰਵਾਰ ਨੂੰ ਆਰੰਭ ਕੀਤੇ ਜਾਣਗੇ ਅਤੇ 3 ਜੁਲਾਈ ਐਤਵਾਰ ਨੂੰ ਸਵੇਰੇ 10 ਵਜੇ ਭੋਗ ਪਾਏ ਜਾਣਗੇ।

ਸਤਿਕਾਰਯੋਗ ਸਾਧ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਭੋਗ ਸਮੇਂ ਪਰਿਵਾਰਾਂ ਸਮੇਤ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ। ਹੋਣ ਜਾਣਕਾਰੀ ਲਈ ਸੰਪਰਕ ਕਰੋ: ਸ੍ਰੀ ਧਰਮਪਾਲ ਸਿੰਘ ਸ਼ੇਰਗਿੱਲ 6477077107

# ਟੀਪੀਏਆਰ ਕਲੱਬ ਦੇ ਮੈਂਬਰਾਂ ਨੇ ਲਾਇਆ ਪੈਰੀ ਸਾਊਂਡ 30,000 ਆਈਲੈਂਡਜ਼ ਲੇਕ ਦਾ ਟੂਰ

## ਪਾਰਕ ਵਿਚ ਖ਼ੁਦ ਤਿਆਰ ਕੀਤੇ ਤਾਜ਼ੇ ਲਜ਼ੀਜ਼ ਭੋਜਨ ਦਾ ਮਿਲ ਕੇ ਅਨੰਦ ਮਾਣਿਆਂ

ਬਰੈਂਪਟਨ, (ਡਾ. ਝੰਡ) - ਬਰੈਂਪਟਨ ਵਿਚ ਪਿਛਲੇ ਦਸਾਂ ਸਾਲ ਤੋਂ ਵਿਚਰ ਰਹੀ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ ਦੇ ਮੈਂਬਰਾਂ ਨੇ ਲੰਘੇ ਸ਼ਨੀਵਾਰ 25 ਜੂਨ ਨੂੰ ਪੈਰੀ ਸਾਊਂਡ 30,000 ਆਈਲੈਂਡਜ਼ ਲੇਕ ਦਾ ਫ਼ੈਰੀ 'ਤੇ ਟੂਰ ਲਾਇਆ। '30,000 ਆਈਲੈਂਡ ਕੂਈਨ ਕਰੂਜ਼ ਲਾਈਨ' ਉੱਪਰ ਬਾਅਦ ਦੁਪਹਿਰ ਇਕ ਵਜੇ ਤੋਂ ਚਾਰ ਵਜੇ ਤੱਕ ਤਿੰਨ ਘੰਟੇ ਲੰਮੀ ਦਿਲਚਸਪ ਰਾਈਡ ਦਾ ਅਨੰਦ ਮਾਨਣ ਤੋਂ ਬਾਅਦ ਨੇੜੇ ਹੀ ਇਕ ਪਾਰਕ ਵਿਚ ਜਾ ਮੁਕਾਮ ਕੀਤਾ ਅਤੇ ਉੱਥੇ ਹੰਢੇ-ਵਰਤੇ ਕੁੱਕ ਰਜਿੰਦਰ 'ਰਾਜੂ' ਦੀ ਅਗਵਾਈ ਵਿਚ ਖ਼ੁਦ ਤਾਜ਼ਾ ਖਾਣਾ ਤਿਆਰ ਕਰਕੇ ਸਾਰਿਆਂ ਮਿਲ ਕੇ ਛਕਿਆ। ਇਸ ਤਰ੍ਹਾਂ ਇਸ ਕਲੱਬ ਦਾ ਇਹ ਟੂਰ ਅਤੇ ਪਿਕਨਿਕ 'ਟੂ-ਇਨ-ਵੰਨ' ਹੋ ਗਏ ਜਿਸ ਨੂੰ ਸਾਰੇ ਮੈਂਬਰਾਂ ਨੇ ਖ਼ੂਬ ਮਾਣਿਆਂ। ਕਲੱਬ ਦੇ ਮੈਂਬਰਾਂ ਦੀ ਗੁਜ਼ਾਰਿਸ਼ 'ਤੇ ਬਰੈਂਪਟਨ ਦੀ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ ਪ੍ਰਧਾਨ ਸ. ਜੰਗੀਰ ਸਿੰਘ ਸੈਂਹਬੀ ਅਤੇ ਪੱਤਰਕਾਰ ਡਾ. ਸੁਖਦੇਵ ਸਿੰਘ ਝੰਡ ਇਸ ਟੂਰ-ਕਮ-ਪਿਕਨਿਕ ਵਿਚ 'ਸਪੈਸ਼ਲ਼ ਇਨਵਾਈਟੀਜ਼' ਵਜੋਂ ਸ਼ਾਮਲ ਹੋਏ।

ਕਲੱਬ ਦੇ ਮੈਂਬਰ ਸਵੇਰੇ 8.30 ਵਜੇ ਤੱਕ ਏਅਰਪੋਰਟ ਰੋਡ ਤੇ ਕੰਟਰੀਸਾਈਡ ਡਰਾਈਵ ਵਾਲੇ ਪਲਾਜ਼ੇ ਦੀ ਪਾਰਕਿੰਗ ਵਿਚ ਇਕੱਠੇ ਹੋ ਗਏ ਜਿੱਥੇ ਸਕੂਲ ਬੱਸ ਉਨ੍ਹਾਂ ਦਾ ਇੰਤਜ਼ਾਰ ਕਰ ਰਹੀ ਸੀ। ਖਾਣ-ਪੀਣ ਦੀਆਂ ਵਸਤਾਂ, ਪਾਣੀ ਦੇ ਕਰੇਟ, ਸਾਫ਼ਟ-ਡਰਿੰਕਸ ਤੇ ਹੋਰ 'ਸਾਜ਼ੋ-ਸਮਾਨ' ਬੱਸ ਟਿਕਾਉਣ ਤੋਂ ਬਾਅਦ ਸਾਰੇ ਮੈਂਬਰ ਬੱਸ ਦੇ ਅੱਗੇ ਗਰੁੱਪ-ਫ਼ੋਟੋ ਲਈ ਜੁੜ ਗਏ ਅਤੇ ਫਿਰ ਜਲਦੀ ਹੀ ਉਹ ਬੱਸ ਵਿਚ ਸਵਾਰ ਹੋ ਗਏ। ਇਸ ਤਰ੍ਹਾਂ ਠੀਕ ਪੌਣੇ ਨੌਂ ਵਜੇ ਬੱਸ ਆਪਣੀ ਮੰਜ਼ਿਲ ਵੱਲ ਰਵਾਨਾ ਹੋ ਗਈ। ਬੈਰੀ ਅਤੇ ਉਸ ਤੋਂ ਅੱਗੇ ਪੈਰੀ ਸਾਊਂਡ ਨੂੰ ਜਾਣ ਵਾਲੇ ਹਾਈਵੇਅ ਨੰਬਰ 400 ਦੇ ਦੋਵੇਂ ਪਾਸੇ ਸਾਰੇ ਹਰੇ-ਭਰੇ ਕੁਦਰਤੀ ਨਜ਼ਾਰਿਆਂ ਦਾ ਅਨੰਦ ਲੈਂਦੇ ਗਏ। ਬੈਰੀ ਤੋਂ ਅੱਗੇ ਜਾ ਕੇ ਸਾਢੇ ਕੁ ਦਸ ਵਜੇ ਜਦੋਂ ਸਾਰਿਆਂ ਨੂੰ ਕੁਝ ਭੁੱਖ ਮਹਿਸੂਸ ਹੋਣ ਲੱਗੀ ਤਾਂ ਕਲੱਬ ਦੇ ਵਾਲੰਟੀਅਰ ਜੀਤ ਨੇ ਹਰ ਵਾਰ ਦੀ ਤਰ੍ਹਾਂ ਕੁਲਵੰਤ ਧਾਲੀਵਾਲ ਦੇ 'ਸੱਬ ਰੈੱਸਟੋਰੈਂਟ' ਤੋਂ ਆਏ ਹੋਏ 'ਸੱਬ' ਸੱਭਨਾਂ ਨੂੰ ਵਰਤਾਉਣੇ ਸ਼ੁਰੂ ਕਰ ਦਿੱਤੇ ਅਤੇ ਇਸ ਦੇ ਨਾਲ ਹੀ 'ਸਾਫ਼ਟ ਡਰਿੰਕਸ' ਵੀ ਚੱਲ ਪਈਆਂ। ਸਵਾ ਬਾਰਾਂ ਵਜੇ ਬੱਸ ਪੈਰੀ ਸਾਊਂਡ ਫ਼ੈਰੀ ਸਟੇਸ਼ਨ ਦੇ ਸਾਹਮਣੇ ਵਾਲੀ ਪਾਰਕਿੰਗ ਵਿਚ ਜਾ ਖੜੀ ਹੋਈ। ਜੰਗੀਰ ਸਿੰਘ ਸੈਂਹਬੀ ਜਿਨ੍ਹਾਂ ਨੇ ਇਸ ਟੂਰ ਦੇ ਲਈ ਬੱਸ ਅਤੇ ਫ਼ੈਰੀ ਦੀਆਂ ਟਿਕਟਾਂ ਦੀ ਅਗਾਊਂ-ਬੁਕਿੰਗ ਕਰਵਾਉਣ ਵਿਚ ਕਲੱਬ ਦੀ ਮਦਦ ਕੀਤੀ ਸੀ, ਦੇ ਨਾਲ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਫ਼ੈਰੀ ਦੀਆਂ ਟਿਕਟਾਂ ਲੈਣ ਚਲੇ ਗਏ ਅਤੇ ਬਾਕੀ ਮੈਂਬਰ ਛੋਟੇ-ਛੋਟੇ ਗਰੁੱਪਾਂ ਵਿਚ ਰੁੱਖਾਂ ਦੀ ਛਾਂ ਹੇਠ ਖੜੇ ਆਪਸੀ ਗੱਪ-ਸ਼ੱਪ ਵਿਚ ਰੁੱਝ ਗਏ।



ਠੀਕ ਇਕ ਵਜੇ '30000 ਕੁਈਨ ਫ਼ੈਰੀ ਕਰੂਜ਼' ਜਿਸ ਵਿਚ ਇਕ ਸਮੇਂ 200 ਯਾਤਰੀਆਂ ਦੇ ਬੈਠਣ ਦੀ ਜਗ੍ਹਾ ਸੀ, ਦੇ ਕੈਪਟਨ ਨੇ ਹੂਟਰ ਦੀ ਲੰਮੀ ਆਵਾਜ਼ ਨਾਲ ਇਸ ਨੂੰ ਪੈਰੀ ਸਾਊਂਡ ਲੇਕ ਦੇ ਡੂੰਘੇ ਪਾਣੀ ਵਿਚ ਠੇਲ੍ਹ ਲਿਆ। ਰਸਤੇ ਵਿਚ ਉਹ ਵੱਖ-ਵੱਖ ਟਾਪੂਆਂ ਜਿਨ੍ਹਾਂ ਦੇ ਨਾਂ ਵੱਖ-ਵੱਖ ਮਸ਼ਹੂਰ ਵਿਅੱਕਤੀਆਂ ਅਤੇ ਥਾਵਾਂ ਦੇ ਨਾਂ 'ਤੇ ਰੱਖੇ ਹੋਏ ਸਨ, ਬਾਰੇ ਦਿਲਚਸਪ ਜਾਣਕਾਰੀ ਦਿੰਦਾ ਹੋਇਆ ਇਸ ਨੂੰ ਅੱਗੇ ਤੋਰੀ ਗਿਆ। ਇਕ ਥਾਂ 'ਤੇ ਬਣੇ ਪੁਰਾਣੇ ਅਧੂਰੇ ਜਿਹੇ ਜਾਪਦੇ ਪੁਲ਼ ਬਾਰੇ ਉਸ ਨੇ ਦੱਸਿਆ ਕਿ ਇਹ ਪੁਲ਼ ਡੇਢ ਸੌ ਸਾਲ ਤੋਂ ਵੱਧ ਪੁਰਾਣਾ ਹੈ। ਇਸ ਦੀ ਖ਼ਾਸੀਅਤ ਇਹ ਹੈ ਕਿ ਫ਼ੈਰੀਆਂ ਜਾਂ ਹੋਰ ਛੋਟੇ ਜਹਾਜ਼ਾਂ ਦੇ ਲੰਘਣ ਸਮੇਂ ਇਸ ਦਾ ਵਿਚਕਾਰਲਾ ਹਿੱਸਾ ਦੂਸਰੀ ਦਿਸ਼ਾ ਵੱਲ ਬਿਲਕੁਲ 90 ਡਿਗਰੀ 'ਤੇ ਘੁੰਮ ਜਾਂਦਾ ਹੈ ਤੇ ਉਨ੍ਹਾਂ ਦੇ ਜਾਣ ਤੋਂ ਬਾਅਦ ਇਹ ਫਿਰ ਆਪਣੀ ਪਹਿਲੀ ਹਾਲਤ ਵਿਚ ਆ ਜਾਂਦਾ ਹੈ, ਅਤੇ ਬੱਸਾਂ, ਗੱਡੀਆਂ, ਕਾਰਾਂ ਆਦਿ ਦਾ ਟਰੈਫ਼ਿਕ ਇਸ ਦੇ ਉੱਪਰ ਆਮ ਵਾਂਗ ਚੱਲਣ ਲੱਗ ਪੈਂਦਾ ਹੈ। ਫ਼ੈਰੀ ਦੇ ਟੁੱਟੇ ਹੋਏ ਜਾਪਦੇ ਪੁਲ਼ ਤੋਂ ਅੱਗੇ ਲੰਘਣ ਤੋਂ ਬਾਅਦ ਸਾਰਿਆਂ ਨੇ ਜਦੋਂ ਪਿੱਛੇ ਨਿਗਾਹ ਮਾਰੀ ਤਾਂ ਉਹ ਪੁਲ਼ ਹੌਲੀ-ਹੌਲ਼ੀ ਘੁੰਮਦਾ ਹੋਇਆ 'ਅੱਧੇ-ਅਧੂਰੇ' ਤੋਂ 'ਸੰਪੂਰਨ-ਪੁਲ਼' ਦਾ ਰੂਪ ਧਾਰਨ ਕਰ ਰਿਹਾ ਸੀ। ਫ਼ੈਰੀ ਵਿਚ ਸਵਾਰ ਸਾਰੇ ਟੂਰਿਸਟ ਕੁਦਰਤ ਦੇ ਵੱਖ-ਵੱਖ ਰੰਗ ਮਾਣ ਰਹੇ ਸਨ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਇਨ੍ਹਾਂ ਕੁਦਰਤੀ ਨਜ਼ਾਰਿਆਂ ਨੂੰ ਆਪਣੇ ਸੈੱਲ-ਫ਼ੋਨਾਂ ਵਿਚ ਕੈਦ ਕਰਨ ਵਿਚ ਰੁੱਝੇ ਹੋਏ ਸਨ। ਕਲੱਬ ਦੇ ਬਹੁਤੇ ਮੈਂਬਰ ਫ਼ੈਰੀ ਦੀ ਸੱਭ ਤੋਂ ਉੱਪਰਲੀ ਮੰਜ਼ਲ 'ਤੇ ਹੀ ਸਨ, ਜਦਕਿ ਕੁਝ ਸ਼ਾਇਦ ਧੁੱਪ ਦੇ ਸੇਕ ਤੋਂ ਡਰਦੇ ਜਾਂ ਕਿਸੇ ਹੋਰ ਕਾਰਨ ਇਸ ਤੋਂ ਹੇਠਲੀ, ਭਾਵ ਵਿਚਕਾਰਲੀ ਮੰਜ਼ਿਲ ਵਿਚ ਵੀ ਬੈਠੇ ਸਨ। ਉੱਪਰ ਕੁਝ ਧੁੱਪ ਜ਼ਰੂਰ ਸੀ ਪਰ ਲੇਕ ਦੇ ਪਾਣੀ ਨਾਲ ਭਿੱਜੀ ਰੁਮਕਦੀ ਹਵਾ ਬੜਾ ਸਕੂਨ ਦੇ ਰਹੀ ਸੀ। ਕੁਝ ਸਮੇਂ ਬਾਅਦ ਬਾਕੀ ਮੈਂਬਰ ਵੀ ਇਸ ਨੂੰ ਮਾਨਣ ਲਈ ਉੱਪਰ ਆ ਗਏ ਅਤੇ ਇੱਥੇ ਫਿਰ 'ਬੀਅਰ-ਸ਼ੀਅਰ' ਦਾ ਦੌਰ ਚੱਲ ਪਿਆ। 'ਪੱਕੀ ਵਾਲਿਆਂ' ਨੇ ਵੀ ਵਿਚ-ਵਿਚ ਆਪਣਾ ਵੱਤਰ ਵਾਹੁਣਾ ਸ਼ੁਰੂ ਕਰ ਦਿੱਤਾ ਅਤੇ ਇਸ ਤਰ੍ਹਾਂ ਉਨ੍ਹਾਂ ਦਾ ਅਨੰਦ ਤੇ ਖ਼ੁਸ਼ੀ ਅੰਦਰੋਂ-ਬਾਹਰੋਂ ਇੱਕ-ਮਿੱਕ ਹੋਣੀ ਆਰੰਭ ਹੋ ਗਈ। ਇਸ ਦੇ ਨਾਲ ਹੀ ਚੁਟਕਲਿਆਂ, ਸ਼ਿਅਰੋ-ਸ਼ਾਇਰੀ ਅਤੇ ਗੀਤਾਂ ਦੀ ਗਾਇਕੀ ਨੇ ਇਸ ਵਿਚ ਹੋਰ ਵੀ ਵਾਧਾ ਕਰ ਦਿੱਤਾ। ਫ਼ੈਰੀ ਵਿਚ ਸਵਾਰ ਹੋਰ ਕਮਿਊਨਿਟੀਆਂ ਦੇ ਲੋਕ ਭਾਵੇਂ ਇਹ ਸੱਭ ਪੂਰੀ ਤਰ੍ਹਾਂ ਸਮਝ ਨਹੀਂ ਪਾ ਰਹੇ ਸਨ ਪਰ ਫਿਰ ਵੀ ਉਹ ਇਸ ਦਾ ਪੂਰਾ ਅਨੰਦ ਲੈ ਰਹੇ ਸਨ। ਇਸ ਦੌਰਾਨ ਹੀ ਸਾਰੇ ਮੈਂਬਰਾਂ ਵੱਲੋਂ ਨਾਲ ਲਿਆਂਦੇ 'ਸੱਬਾਂ' ਦਾ ਲੰਚ ਕੀਤਾ ਗਿਆ।

ਇਸ ਖ਼ੁਸ਼ੀ ਭਰਪੂਰ ਮਾਹੌਲ ਵਿਚ ਫ਼ੈਰੀ 'ਤੇ ਘੁੰਮਦਿਆਂ ਪਤਾ ਹੀ ਲੱਗਾ ਕਿ





ਕਦੋਂ ਚਾਰ ਵੱਜ ਗਏ ਅਤੇ ਫ਼ੈਰੀ ਪਾਣੀ ਵਿਚ ਆਪਣਾ ਵਿੰਗ-ਤੜਿੰਗਾ ਰੂਟ ਤੈਅ ਕਰਕੇ ਕਦੋਂ ਪਾਣੀ ਦੇ ਕਿਨਾਰੇ ਆਪਣੇ ਸਟੇਸ਼ਨ 'ਤੇ ਆ ਲੱਗੀ। ਬਾਹਰ ਆ ਕੇ ਸਾਰੇ ਬੱਸ ਵੱਲ ਚੱਲ ਪਏ ਅਤੇ ਇਸ ਵਿਚ ਬੈਠ ਕੇ ਦਸਾਂ ਕੁ ਮਿੰਟਾਂ ਵਿਚ ਹੀ ਨੇੜਲੇ ਵਿਸ਼ਾਲ 'ਪੈਰੀ ਸਾਊਂਡ ਡਿਸਟ੍ਰਿਕਟ ਮਿਊਜ਼ੀਅਮ ਪਾਰਕ' ਵਿਚ ਪਹੁੰਚ ਗਏ। ਮਿਊਜ਼ੀਅਮ ਦੇ ਸਾਹਮਣੇ ਪਾਰਕ ਵਿਚ ਵਧੀਆ ਜਿਹੀ ਥਾਂ ਦੀ ਚੋਣ ਕਰਕੇ ਉੱਥੇ ਜਾ ਡੇਰੇ ਜਮਾਏ। ਖ਼ਾਣ-ਪੀਣ ਦਾ ਸਮਾਨ ਬੱਸ ਵਿਚੋਂ ਲਿਆਂਦਾ ਅਤੇ ਇਸ ਦੇ ਨਾਲ ਹੀ 'ਰਾਜੂ' ਨੇ ਵੱਡਾ ਸਾਰਾ ਪਤੀਲਾ ਗੈਸ-ਚੁੱਲ੍ਹੇ ਉੱਤੇ ਰੱਖ ਦਿੱਤਾ। ਇਸ ਵਿਚ ਲੋੜੀਂਦਾ ਤੇਲ, ਮਿਰਚ-ਮਸਾਲਾ ਤੇ ਹੋਰ ਸਮਾਨ ਪਾ ਕੇ ਉਹ ਤੜਕਾ ਤਿਆਰ ਕਰਨ ਲੱਗਾ ਅਤੇ ਫਿਰ ਕੁਝ ਮਿੰਟਾਂ ਬਾਅਦ ਇਸ ਗੋਟ-ਮੀਟ ਪਾਉਣ ਤੋਂ ਬਾਅਦ ਇਸ ਨੂੰ ਰਾੜ੍ਹਾ ਲਵਾਉਣ ਲੱਗਾ। ਮੀਟ-ਤਿਆਰ ਕਰਦਿਆਂ ਘੰਟਾ-ਡੇਢ ਘੰਟਾ ਲੱਗ ਗਿਆ ਅਤੇ ਏਨੇ ਵਿਚ ਕਲੱਬ ਦੇ 'ਯੋਧੇ' ਵੀ ਪੂਰੇ 'ਗਰਮ' ਹੋ ਗਏ। ਇਸ ਦੇ ਨਾਲ ਹੀ ਮਿਊਜ਼ਿਕ ਸਿਸਟਮ 'ਤੇ ਗਾਣੇ ਚਲਾ ਕੇ ਕਈਆਂ ਨੇ ਭੰਗੜਾ ਪਾਉਣਾ ਸ਼ੁਰੂ ਕਰ ਦਿੱਤਾ ਅਤੇ ਆਪਣੀ ਖ਼ੁਸ਼ੀ ਦਾ ਖ਼ੂਬ ਇਜ਼ਹਾਰ ਕੀਤਾ। ਸੈਂਹਬੀ ਸਾਹਿਬ ਨੇ ਇਕ ਰੁੱਖ ਦੀ ਠੰਢੀ ਛਾਂ ਵੇਖ ਕੇ ਡਬਲ-ਬੈੱਡ ਦੀ ਚਾਦਰ ਵਿਛਾ ਲਈ ਅਤੇ ਆਪਣੇ ਸੀਨੀਅਰ ਸਾਥੀਆਂ ਨੂੰ ਉੱਥੇ ਆ ਕੇ ਥੋੜ੍ਹਾ ਜਿਹਾ ਆਰਾਮ ਕਰਨ ਦਾ ਸੱਦਾ ਦਿੱਤਾ ਜਿਸ ਨੂੰ ਸਵੀਕਾਰਦਿਆਂ ਹੋਇਆਂ ਇਨ੍ਹਾਂ ਸਤਰਾਂ ਦਾ ਲੇਖਕ, ਪੁਰਾਣਾ ਅਥਲੀਟ ਪਰਮਿੰਦਰ ਸਿੰਘ, ਕਬੱਡੀ ਦੇ ਸਾਬਕਾ-ਖਿਡਾਰੀ ਸੁਰਿੰਦਰ ਨਾਗਰਾ ਤੇ ਅਜਮੇਰ ਗਰੇਵਾਲ ਤੇ ਦੋ ਹੋਰ ਸਾਥੀ ਉੱਥੇ ਆ ਬੈਠੇ ਅਤੇ ਉਨ੍ਹਾਂ ਆਪਣੀਆਂ ਕਈ ਪੁਰਾਣੀਆਂ ਯਾਦਾਂ ਤਾਜ਼ੀਆਂ ਕੀਤੀਆਂ। ਇਸ ਦੌਰਾਨ ਕਈ ਮੈਂਬਰ ਪਾਰਕ ਵਿਚ ਸੈਰ ਕਰਨ ਨਿਕਲ ਗਏ ਅਤੇ ਕਈ ਨੇੜੇ ਹੀ ਲੋਹੇ ਦੇ ਬਣੇ ਉੱਚੇ ਸਾਰੇ 'ਵਿਊਇੰਗ-ਟਾਵਰ' ਦੀਆਂ ਪੌੜੀਆਂ ਚੜ੍ਹ ਕੇ ਉੱਪਰ ਇਸ ਛੋਟੇ ਜਿਹੇ ਸ਼ਹਿਰ ਪੈਰੀ ਸਾਊਂਡ ਦਾ 'ਹਵਾਈ-ਸਰਵੇਖਣ' ਕਰਨ ਚਲੇ ਗਏ। ਸੈਂਹਬੀ ਸਾਹਿਬ ਤੇ ਡਾ. ਝੰਡ ਵੀ ਇਨ੍ਹਾਂ ਵਿਚ ਸ਼ਾਮਲ ਹੋ ਗਏ। ਉੱਪਰੋਂ ਚਾਰੇ ਪਾਸੇ ਨਜ਼ਰ ਦੌੜਾਇਆਂ ਫ਼ੈਰੀ ਸਟੇਸ਼ਨ ਅਤੇ ਇਸ ਦੀ ਸਵਾਰੀ ਕਰਦਿਆਂ ਘੁੰਮੇਂ ਹੋਏ ਹਜ਼ਾਰਾਂ ਹੀ ਟਾਪੂ ਛੋਟੇ-ਛੋਟੇ ਟਿਮਕਣਿਆਂ ਵਾਂਗ ਵਿਖਾਈ ਦੇ ਰਹੇ ਸਨ।

ਘੁੰਮ-ਘੁਮਾ ਕੇ ਵਾਪਸ ਆਉਂਦਿਆਂ ਤੱਕ ਗੋਟ-ਮੀਟ ਬਿਲਕੁਲ ਤਿਆਰ ਸੀ ਅਤੇ ਕਾਹਲੇ ਕਦਮੀਂ ਚੱਲਣ ਵਾਲੇ ਕਈ ਮੈਂਬਰ ਇਸ ਦਾ ਸੁਆਦ ਵੀ ਚੱਖ ਰਹੇ ਸਨ। ਸ਼ਾਮ ਦੇ ਸਾਢੇ ਛੇ ਵੱਜ ਗਏ ਸਨ ਅਤੇ ਖਾਣੇ ਦਾ ਸਮਾਂ ਵੀ ਹੋ ਗਿਆ ਸੀ। ਨਾਲ ਲਿਆਂਦੇ ਹੋਏ ਲੋਹ 'ਤੇ ਬਣੇ ਨਿੱਕੇ-ਨਿੱਕੇ ਫੁ਼ਲਕਿਆਂ ਦੇ ਨਾਲ ਇਹ ਤਾਜ਼ਾ ਬਣਿਆਂ ਗੋਟ-ਮੀਟ ਹੋਰ ਵੀ ਸੁਆਦੀ ਲੱਗ ਰਿਹਾ ਸੀ। ਸਾਰੇ ਉਂਗਲੀਆਂ ਚੱਟ-ਚੱਟ ਕੇ ਇਸ ਦਾ ਅਨੰਦ ਮਾਣ ਰਹੇ ਸਨ ਅਤੇ ਨਾਲ ਹੀ ਰਾਜੂ ਨੂੰ ਇਸ ਦੇ ਲਈ ਸ਼ਾਬਾਸ਼ ਦੇ ਰਹੇ ਸਨ। ਸਾਢੇ ਕੁ ਸੱਤ ਵਜੇ ਸਾਰਾ ਸਾਜ਼ੋ-ਸਮਾਨ ਸਮੇਟਣ ਤੋਂ ਬਾਅਦ ਪਰਮਿੰਦਰ ਸਿੰਘ ਨੇ ਇਹ ਸਫ਼ਲ ਟੂਰ ਆਯੋਜਿਤ ਕਰਨ ਲਈ ਸੰਧੂਰਾ ਸਿੰਘ ਬਰਾੜ ਤੇ ਵਾਲੰਟੀਅਰ ਸਾਥੀਆਂ ਦਾ ਧੰਨਵਾਦ ਕੀਤਾ। ਜੰਗੀਰ ਸਿੰਘ ਸੈਂਹਬੀ ਹੁਰਾਂ ਵੱਲੋਂ ਸਮੇਂ-ਸਮੇਂ ਅਤੇ ਇਸ ਵਾਰ ਵੀ ਦਿੱਤੇ ਗਏ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਦੁਪਹਿਰ ਦੇ ਖਾਣੇ ਲਈ 'ਸੱਬ ਰੈਸਟੋਰੈਂਟ' ਦੇ ਮਾਲਕ ਕੁਲਵੰਤ ਧਾਲੀਵਾਲ ਅਤੇ ਸ਼ਾਮ ਦਾ ਲਜ਼ੀਜ਼ ਖਾਣਾ ਤਿਆਰ ਕਰਨ ਲਈ ਰਾਜੂ ਤੇ ਹੋਰ ਸਹਿਯੋਗੀਆਂ ਦਾ ਸ਼ੁਕਰੀਆ ਅਦਾ ਕੀਤਾ ਗਿਆ। ਕਲੱਬ ਦੇ ਇਸ ਟੂਰ ਪ੍ਰੋਗਰਾਮ ਵਿਚ ਸ਼ਾਮਲ ਹੋ ਕੇ ਇਸ ਨੂੰ ਸਫ਼ਲ ਬਨਾਉਣ ਲਈ ਇਸ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨੇ ਜੰਗੀਰ ਸਿੰਘ ਸੈਂਹਬੀ, ਡਾ. ਸੁਖਦੇਵ ਸਿੰਘ ਝੰਡ ਅਤੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ। ਸ਼ਾਮੀਂ ਪੌਣੇ ਅੱਠ ਵਜੇ ਚੱਲ ਕੇ ਰਾਤ ਦੇ ਗਿਆਰਾਂ ਵਜੇ ਬੱਸ ਏਅਰਪੋਰਟ ਰੋਡ ਤੇ ਕੰਟਰੀਸਾਈਡ ਪਲਾਜ਼ੇ ਦੀ ਪਾਰਕਿੰਗ ਵਿਚ ਪਹੁੰਚੀ ਜਿੱਥੋਂ ਆਪੋ-ਆਪਣੀਆਂ ਗੱਡੀਆਂ ਵਿਚ ਸਾਰੇ ਘਰੋ-ਘਰੀ ਵਾਪਸ ਗਏ। ਇਸ ਤਰ੍ਹਾਂ ਟੀਪੀਏਆਰ ਕਲੱਬ ਦਾ ਇਹ ਟੂਰ-ਕਮ-ਪਿਕਨਿਕ ਦਾ ਪ੍ਰੋਗਰਾਮ ਬੇਹੱਦ ਸਫ਼ਲ ਰਿਹਾ ਜਿਸ ਦੇ ਲਈ ਕਲੱਬ ਦੀ ਸਮੁੱਚੀ ਟੀਮ ਵਧਾਈ ਦੀ ਹੱਕਦਾਰ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com

CANADIAN
GLASS AND WINDOW

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਜੂਨ ਸਮਾਗ਼ਮ 'ਪਿਤਾ-ਦਿਵਸ' ਨੂੰ ਕੀਤਾ ਸਮਰਪਿਤ







## ਪਰਮਜੀਤ ਗਿੱਲ ਨੇ 'ਸਮਾਜ ਵਿਚ ਪਿਤਾ ਦੀ ਭੂਮਿਕਾ' ਅਤੇ ਇਕਬਾਲ ਬਰਾੜ ਨੇ ਸ਼ਬਦਾਂ ਦੇ ਸ਼ੁੱਧ ਉਚਾਰਨ ਬਾਰੇ ਵਿਚਾਰ ਪੇਸ਼ ਕੀਤੇ, ਕਵੀ-ਦਰਬਾਰ ਵੀ ਹੋਇਆ

ਬਰੈਂਪਟਨ, (ਡਾ. ਝੰਡ) -ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਆਪਣਾ ਜੂਨ ਮਹੀਨੇ ਦਾ ਸਮਾਗ਼ਮ ਸੰਸਾਰ-ਭਰ ਵਿਚ ਮਨਾਏ ਜਾਂਦੇ 'ਪਿਤਾ-ਦਿਵਸ' ਨੂੰ ਸਮਰਪਿਤ ਕੀਤਾ ਗਿਆ। ਇਸ ਵਿਚ ਸਭਾ ਦੇ ਸਰਗ਼ਰਮ ਮੈਂਬਰ ਐਡਵੋਕੇਟ ਪਰਮਜੀਤ ਸਿੰਘ ਗਿੱਲ ਨੇ ਸਮਾਜ ਵਿਚ ਪਿਤਾ ਵੱਲੋਂ ਪਰਿਵਾਰ ਵਿਚ ਨਿਭਾਈ ਜਾਂਦੀ ਮਹੱਤਵਪੂਰਨ ਭੂਮਿਕਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ, ਜਦਕਿ ਬਰੈਂਪਟਨ ਦੇ ਉੱਘੇ ਗਾਇਕ ਇਕਬਾਲ ਬਰਾੜ ਵੱਲੋਂ ਕੁਝ ਲੋਕਾਂ ਵੱਲੋਂ ਪੰਜਾਬੀ ਦੇ ਬਹੁਤ ਸਾਰੇ ਸ਼ਬਦਾਂ ਦੇ ਗ਼ਲਤ ਉਚਾਰੇ ਜਾਣ ਦਾ ਅਹਿਮ ਮੁੱਦਾ ਉਠਾਇਆ ਗਿਆ ਅਤੇ ਉਨ੍ਹਾਂ ਨੇ ਇਨ੍ਹਾਂ ਦੇ ਸ਼ੁਧ ਉਚਾਰਨ ਦੀ ਲੋੜ 'ਤੇ ਜ਼ੋਰ ਦਿ

ਪਿਤਾ-ਦਿਵਸ ਬਾਰੇ ਆਪਣੀ ਗੱਲ ਆਰੰਭ ਕਰਦਿਆਂ ਪਰਮਜੀਤ ਗਿੱਲ ਨੇ ਦੱਸਿਆ ਕਿ ਦੁਨੀਆਂ-ਭਰ ਦੇ ਦੇਸ਼ਾਂ ਵਿਚ 'ਫ਼ਾਦਰਜ਼ ਡੇਅ' ਜੂਨ ਮਹੀਨੇ ਵਿਚਲੇ ਵੱਖ-ਵੱਖ ਦਿਨਾਂ ਨੂੰ ਮਨਾਇਆ ਜਾਂਦਾ ਹੈ। ਬਹੁਤੇ ਦੇਸ਼ ਇਸ ਨੂੰ ਜੂਨ ਮਹੀਨੇ ਦੇ ਤੀਸਰੇ ਐਤਵਾਰ ਨੂੰ ਮਨਾਉਂਦੇ ਹਨ, ਜਦਕਿ ਕਈ ਦੇਸ਼ਾਂ ਵਿਚ ਇਸ ਨੂੰ ਇਕ ਹਫ਼ਤਾ ਅੱਗੇ-ਪਿੱਛੇ ਵੀ ਕਰ ਲਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਗੁਰਬਾਣੀ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੇ ਸ਼ਬਦ ''ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ'' ਵਿਚ ਪਾਣੀ ਨੂੰ 'ਪਿਤਾ' ਅਤੇ ਧਰਤੀ ਨੂੰ 'ਮਾਤਾ' ਦਾ ਦਰਜਾ ਦਿੱਤਾ ਹੈ। ਜੀਵਨ ਵਿਚ ਜਿਵੇਂ ਧਰਤੀ ਤੇ ਪਾਣੀ ਦੋਹਾਂ ਦੀ ਜ਼ਰੂਰਤ ਹੈ, ਏਸੇ ਤਰ੍ਹਾਂ ਸਮਾਜ ਵਿਚ ਮਾਤਾ ਅਤੇ ਪਿਤਾ ਦੋਹਾਂ ਦੀ ਹੀ ਆਂ ਆਪਣੀ ਅਹਿਮੀਅਤ ਹੈ। ਮਾਂ ਜੇਕਰ ਘਰ ਵਿਚ ਬੱਚਿਆਂ ਦਾ ਪਾਲਣ-ਪੋਸ਼ਣ ਕਰਦੀ ਹੈ ਤਾਂ ਪਿਤਾ ਆਪਣੇ ਸਾਰੇ ਪਰਿਵਾਰ ਲਈ ਖਾਣ-ਪੀਣ ਦੀ ਵਸਤਾਂ ਅਤੇ ਘਰ ਦੀਆਂ ਹੋਰ ਲੋੜਾਂ ਦਾ ਯੋਗ ਪ੍ਰਬੰਧ ਕਰਦਾ ਹੈ। ਮਾਤਾ ਅਤੇ ਪਿਤਾ ਦੋਹਾਂ ਦਾ ਦਰਜਾ ਸਮਾਜ ਵਿਚ ਅਤੀ ਸਨਮਾਨਯੋਗ ਹੈ। ਉਨ੍ਹਾਂ ਕਿਹਾ ਕਿ ਪੱਛਮੀ ਦੇਸ਼ਾਂ ਵਿਚ ਬੱਚੇ ਦੇ ਨਾਂ ਨਾਲ ਮਾਂ ਦਾ ਲਿਖਿਆ ਜਾਂਦਾ ਹੈ, ਜਦਕਿ ਪੂਰਬ ਵਿਚ ਪਿਤਾ ਦਾ ਨਾਂ ਚੱਲਦਾ ਹੈ। ਇਹ ਵੱਖਰੀ ਗੱਲ ਹੈ ਕਿ ਕੁਝ ਦੇਸ਼ਾਂ ਵਿਚ ਹੁਣ ਦੋਹਾਂ ਦਾ ਹੀ ਨਾਂ ਲਿਖਣਾ ਸ਼ੁਰੂ ਹੋ ਗਿਆ ਹੈ।। ਆਪਣੇ ਕਥਨਾਂ ਦੀ ਪ੍ਰੋੜ੍ਹਤਾ ਲਈ ਉਨ੍ਹਾਂ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਦੇ ਕਈ ਅਹਿਮ ਪਿਤਾਵਾਂ ਗੁਰੂ ਨਾਨਕ ਦੇਵ ਜੀ, ਰਾਜਕੁਮਾਰ ਸਿਧਾਰਥ (ਗੌਤਮ ਬੁੱਧ), ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ, ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਪਿਤਾ ਸਪਿਰਿ-ਦੋਨੋਵਿਕ ਪੂਤਿਨ, ਆਦਿ ਦੀਆਂ ਉਦਾਹਰਣਾਂ ਦਿੱਤੀਆਂ ਜਿਨ੍ਹਾਂ ਨੇ ਖ਼ੁਦ ਆਪ ਜਾਂ ਉਨ੍ਹਾਂ ਦੇ ਬੱਚਿਆਂ ਨੇ ਮਨੁੱਖਤਾ ਦੀ ਭਲਾਈ ਅਤੇ ਸੇਧ ਲਈ ਅਹਿਮ ਕਾਰਜ ਕੀਤੇ।

ਸਮਾਗ਼ਮ ਦੇ ਦੂਸਰੇ ਬੁਲਾਰੇ ਇਕਬਾਲ ਬਰਾੜ ਨੇ ਸ਼ਬਦ ਉਚਾਰਨ ਦੇ ਅਹਿਮ ਮੁੱਦੇ ਨੂੰ ਛੇੜਦਿਆਂ ਪੰਜਾਬੀ ਵਿਚ ਬਹੁਤ ਸਾਰੇ ਲੋਕਾਂ ਵੱਲੋਂ ਗ਼ਲਤ ਉਚਾਰੇ ਜਾਂਦੇ ਕਈ ਸ਼ਬਦਾਂ ਬਾਰੇ ਗੱਲ ਕੀਤੀ। ਉਨ੍ਹਾਂ ਵੱਲੋਂ ਪੈਰੀਂ ਬਿੰਦੀ ਪੈਣ ਵਾਲੇ ਅੱਖਰਾਂ ਸ਼,ਖ਼,ਗ਼,ਜ਼,ਫ਼ ਵਾਲੇ ਸ਼ਬਦਾਂ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਨ੍ਹਾਂ ਅੱਖਰਾਂ ਦੇ ਉਚਾਰਨ ਸਮੇਂ ਬਹੁਤ ਸਾਰੇ ਲੋਕ ਇਨ੍ਹਾਂ ਦੇ ਪੈਰ ਵਿਚ ਪਈ ਬਿੰਦੀ ਨੂੰ ਭੁੱਲ ਹੀ ਜਾਂਦੇ ਹਨ। ਉਦਾਹਰਣ ਵਜੋਂ, 'ਸ਼ੁਕਰਗੁਜ਼ਾਰ' ਨੂੰ 'ਸੁਕਰਗੁਜਾਰ', 'ਨਜ਼ਰ' ਨੂੰ 'ਨਜਰ', 'ਜ਼ਖ਼ਮ' ਨੂੰ 'ਜਖਮ', 'ਜ਼ਿੰਦਗੀ' ਨੂੰ 'ਜਿੰਦਗੀ', 'ਜਜ਼ਬਾਤ' ਨੂੰ 'ਜਜਬਾਤ', 'ਇਜਾਜ਼ਤ' ਨੂੰ 'ਇਜਾਜਤ', 'ਖ਼ਿਆਲ' ਨੂੰ 'ਖਿਆਲ', 'ਖ਼ਰਗੋਸ਼' ਨੂੰ 'ਖਰਗੋਸ', 'ਗ਼ੈਰ-ਹਾਜ਼ਰ' ਨੂੰ 'ਗੈਰ-ਹਾਜਰ', 'ਗ਼ਜ਼ਲ' ਨੂੰ 'ਗਜਲ', 'ਗੁਜ਼ਾਰਿਸ਼' ਨੂੰ 'ਗੁਜਾਰਿਸ', 'ਗ਼ਰੀਬਖ਼ਾਨਾ' ਨੂੰ 'ਗਰੀਬਖਾਨਾ', 'ਫ਼ਰਜ਼' ਨੂੰ 'ਫਰਜ', 'ਫ਼ਜ਼ੂਲ' ਨੂੰ 'ਫਜੂਲ' ਉਚਾਰਿਆ ਜਾਂਦਾ ਹੈ। ਦੂਸਰੇ ਬੰਨੇ, ਕਈ ਇਨ੍ਹਾ ਮੂਲ-ਅੱਖਰਾਂ ਸ.ਖ,ਗ,ਜ,ਫ ਦੇ ਪੈਰੀਂ ਬਿੰਦੀਆਂ ਵਾਧੂ ਹੀ ਉਚਾਰੀ ਜਾਂਦੇ ਹਨ, ਜਿਵੇਂ ਪਾਕਿਸਤਾਨੀ ਪੰਜਾਬੀ-ਕਵੀ 'ਬਾਬਾ ਨਜਮੀ' ਨੂੰ 'ਬਾਬਾ ਨਜ਼ਮੀ', 'ਗਾਜਰ' ਨੂੰ ਗਾਜ਼ਰ', 'ਗੁੰਜਾਇਸ਼' ਨੂੰ 'ਗੁੰਜ਼ਾਇਸ਼', 'ਰਿਵਾਜ' ਨੂੰ 'ਰਿਵਾਜ਼', 'ਨਿਜਾਤ' ਨੂੰ 'ਨਿਜ਼ਾਤ', ਵਗ਼ੈਰਾ, ਵਗ਼ੈਰਾ। ਏਸੇ ਤਰ੍ਹਾਂ ਕਈ ਸੱਜਣ 'ਬ' ਦੀ ਥਾਂ 'ਵ' ਅਤੇ 'ਵ' ਦੀ ਥਾਂ 'ਬ' ਦੀ ਵਰਤੋਂ ਕਰਦੇ ਹਨ। ਉਹ 'ਬਾਰੇ' ਨੂੰ 'ਵਾਰੇ' ਤੇ 'ਵਾਰੇ' ਨੂੰ 'ਬਾਰੇ' ਅਤੇ 'ਵੀਰ' ਨੂੰ 'ਬੀਰ' ਤੇ 'ਬੀਰ' ਨੂੰ 'ਵੀਰ' ਕਹਿੰਦੇ ਆਮ ਹੀ ਸੁਣੇ ਜਾਂਦੇ ਹਨ। ਲੱਗਭੱਗ ਏਹੀ ਹਾਲ ਅੱਖਰ 'ਸ' ਤੇ 'ਸ਼' ਦੀ ਵਰਤੋਂ ਦਾ ਵੀ ਹੈ। ਇਹ ਨਿਰੀ ਕਹਿਣ-ਸੁਣਨ ਦੀ ਹੀ ਗੱਲ ਨਹੀਂ ਹੈ, ਸਗੋਂ ਕਈ ਥਾਂਈਂ ਲਿਖਤਾਂ ਵਿਚ ਵੀ ਇੰਜ ਹੀ ਵੇਖਣ ਨੂੰ ਮਿਲਦਾ ਹੈ। ਬਰਾੜ ਹੁਰਾਂ ਅਨੁਸਾਰ ਸ਼ਬਦਾਂ ਦੇ ਗ਼ਲਤ ਉਚਾਰਨ ਦੀਆਂ ਅਜਿਹੀਆਂ ਹੋਰ ਸੈਂਕੜੇ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।

ਦੋਹਾਂ ਬੁਲਾਰਿਆਂ ਦੇ ਵਿਚਾਰਾਂ ਦੀ ਸਰਾਹਨਾ ਕਰਦਿਆਂ ਹੋਇਆਂ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ, ਸਰਪ੍ਰਸਤ ਬਲਰਾਜ ਚੀਮਾ, ਕਹਾਣੀਕਾਰ ਕੁਲਵੰਤ ਗਰੇਵਾਲ ਅਤੇ ਡਾ. ਸੁਖਦੇਵ ਸਿੰਘ ਝੰਡ ਵੱਲੋਂ ਦੋਹਾਂ ਹੀ ਵਿਸ਼ਿਆਂ 'ਤੇ ਕੁਝ ਸਾਰਥਿਕ ਟਿੱਪਣੀਆਂ ਕੀਤੀਆਂ ਗਈਆਂ। ਸਭਾ ਦੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਵੱਲੋਂ ਇਸ ਸੈਸ਼ਨ ਦੀ ਕਾਰਵਾਈ ਸੰਕੋਚਣ ਦੀ ਜ਼ਿੰਮੇਵਾਰੀ ਨਿਭਾਈ ਗਈ। ਸਮਾਗ਼ਮ ਦੇ ਇਸ ਭਾਗ ਦਾ ਸੰਚਾਲਨ ਤਲਵਿੰਦਰ ਮੰਡ ਵੱਲੋਂ ਬਾਖ਼ੂਬੀ ਕੀਤਾ ਗਿਆ। ਪ੍ਰਧਾਨਗੀ-ਮੰਡਲ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ, ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਅਤੇ ਸਭਾ ਦੇ ਸੀਨੀਅਰ ਮੈਂਬਰ ਐਡਵੋਕੇਟ ਦਰਸ਼ਨ ਸਿੰਘ ਗਰੇਵਾਲ ਸੁਸ਼ੋਭਿਤ ਸਨ।

ਸਮਾਗ਼ਮ ਦੇ ਦੂਸਰੇ ਭਾਗ ਵਿਚ ਹੋਏ ਕਵੀ-ਦਰਬਾਰ ਦੀ ਕਮਾਨ ਪਰਮਜੀਤ ਢਿੱਲੋਂ ਵੱਲੋਂ ਸੰਭਾਲੀ ਗਈ ਜਿਨ੍ਹਾਂ ਨੇ ਆਪਣੇ ਖ਼ੂਬਸੂਰਤ ਅੰਦਾਜ਼ ਵਿਚ ਕਵੀਆਂ ਤੇ ਗਾਇਕਾਂ ਨੂੰ ਵਧੀਆ ਤਰਤੀਬ ਦੇ ਕੇ ਪੇਸ਼ ਕੀਤਾ। ਇਨ੍ਹਾਂ ਵਿਚ ਪ੍ਰਿੰ. ਗਿਆਨ ਸਿੰਘ ਘਈ, ਰੂਬੀ ਕੀਰਤਪੁਰੀ, ਸੁਖਮਨਪ੍ਰੀਤ, ਪੰਜਾਬ ਸਿੰਘ ਕਾਹਲੋਂ, ਪੁਰਸ਼ਿੰਦਰ, ਰਿੰਟੂ ਭਾਟੀਆ, ਮਕਸੂਦ ਚੌਧਰੀ, ਇਕਬਾਲ ਬਰਾੜ, ਹਰਜੀਤ ਭੰਵਰਾ, ਲਹਿੰਦੇ ਪੰਜਾਬ ਦੇ ਐਡਵੋਕੇਟ ਸਮੀਉਲਾ ਖ਼ਾਨ ਤੇ ਅਤਾ ਰਾਸ਼ਿਦ, ਸੁਰਜੀਤ ਕੌਰ, ਕੁਲਦੀਪ ਕੌਰ, ਕੁਲਵੰਤ ਗਿੱਲ, ਸੁਖਦੇਵ ਝੰਡ, ਤਲਵਿੰਦਰ ਮੰਡ, ਮਲੂਕ ਸਿੰਘ ਕਾਹਲੋਂ, ਪਰਮਜੀਤ ਗਿੱਲ, ਪਰਮਜੀਤ ਢਿੱਲੋਂ ਅਤੇ ਕਰਨ ਅਜਾਇਬ ਸੰਘਾ ਸ਼ਾਮਲ ਸਨ, ਜਦਕਿ ਸਰੋਤਿਆਂ ਵਿਚ ਹਰਜਸਪ੍ਰੀਤ ਗਿੱਲ, ਪਰਸ਼ੋਤਮ ਸਿੰਘ ਸ਼ਿਪਰਾ, ਪਾਕਿਸਤਾਨੀ ਮਹਿਮਾਨ ਮੁਹੱਈਓਦੀਨ ਆਮਿਰ ਅਤੇ ਕਈ ਹੋਰਨਾਂ ਨੇ ਸ਼ਮੂਲੀਅਤ ਕੀਤੀ। ਅਖੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਵਧੀਆ ਕਵਿਤਾ ਦੇ ਮੁੱਖ ਗੁਣ ਸੰਖੇਪਤਾ, ਭਾਵ ਥੋੜ੍ਹੇ ਸ਼ਬਦਾਂ ਵਿਚ ਬਹੁਤਾ ਕੁਝ ਕਹਿਣ ਦੀ ਸਮਰੱਥਾ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਹੋਇਆਂ ਸਾਰੇ ਬੁਲਾਰਿਆਂ, ਕਵੀਆਂ-ਕਵਿੱਤਰੀਆਂ ਤੇ ਗਾਇਕਾਂ ਦਾ ਧੰਨਵਾਦ ਕੀਤਾ ਗਿਆ।

# ਰੈੱਡ ਵਿੱਲੋ ਸੀਨੀਅਰਜ਼ ਕਲੱਬ ਦੀਆਂ ਬੀਬੀਆਂ ਨੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ-ਦਿਨ ਮਨਾਇਆ





## ਕਲੱਬ ਦੇ ਮੈਂਬਰਾਂ ਨੇ ਸਕਾਰਬਰੋ ਗੁਰਦੁਆਰਾ ਸਾਹਿਬ ਦੇ ਨੇੜੇ ਮਿਲਕਨ ਡਿਸਟ੍ਰਿਕਟ ਪਾਰਕ ਦਾ ਟੂਰ ਲਾਇਆ

ਬਰੈਂਪਟਨ, (ਡਾ. ਝੰਡ) - ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਰੈੱਡ ਵਿੱਲੋ ਸੀਨੀਅਰਜ਼ ਕਲੱਬ ਦੀਆਂ ਬੀਬੀਆਂ ਪਿਛਲੇ ਪੰਜ ਸਾਲਾਂ ਤੋਂ ਗੁਰੂ ਸਾਹਿਬ ਦਾ ਸ਼ਹੀਦੀ-ਦਿਨ ਹਰ ਸਾਲ ਬੜੀ ਸ਼ਰਧਾ ਤੇ ਉਤਸਾਹ ਨਾਲ ਮਨਾਉਂਦੀਆਂ ਆ ਰਹੀਆਂ ਹਨ। ਇਸ ਸਾਲ ਵੀ ਉਨ੍ਹਾਂ ਵੱਲੋਂ ਮਿਲ ਕੇ 3 ਜੂਨ ਨੂੰ ਸਥਾਨਕ ਐੱਨ.ਐੱਸ ਪਾਰਕ ਵੈਲੀਕਰੀਕ ਪਾਰਕ ਵਿਚ ਇਕੱਤਰ ਹੋ ਕੇ ਠੰਡੇ ਤੇ ਮਿੱਠੇ ਜਲ ਦੀ ਛਬੀਲ, ਕੜਾਹ-ਪ੍ਰਸ਼ਾਦ, ਕਾਲੇ ਛੋਲਿਆਂ ਦੇ ਭੰਗੂਰ ਅਤੇ ਹੋਰ ਖਾਧ-ਪਦਾਰਥਾਂ ਦੇ ਲੰਗਰ ਦਾ ਸ਼ਾਨਦਾਰ ਪ੍ਰਬੰਧ ਕੀਤਾ ਗਿਆ। ਇਸ ਮੌਕੇ 200 ਤੋਂ ਵਧੀਕ ਔਰਤਾਂ, ਬੱਚਿਆਂ, ਨੌਜੁਆਨਾਂ ਤੇ ਬਜ਼ੁਰਗਾਂ ਨੇ ਇਸ ਸ਼ਹੀਦੀ-ਸਮਾਗ਼ਮ ਨੂੰ ਮਨਾਉਣ ਵਿਚ ਬੜੇ ਉਤਸ਼ਾਹ ਨਾਲ ਭਾਗ ਲਿਆ।

ਸ਼੍ਰੀਮਤੀ ਮਹਿੰਦਰ ਕੌਰ ਪੱਡਾ ਦੀ ਅਗਵਾਈ ਵਿਚ ਸ਼੍ਰੀਮਤੀ ਬੇਅੰਤ ਕੌਰ, ਪ੍ਰਕਾਸ਼ ਕੌਰ, ਬਲਜੀਤ ਕੌਰ ਸੇਖੋਂ, ਚਰਨਜੀਤ ਕੌਰ ਅਤੇ ਕਲੱਬ ਦੀਆਂ ਹੋਰ ਬੀਬੀਆਂ ਨੇ ਮਿਲ ਕੇ ਪਾਰਕ ਵਿਚ ਕੜਾਹ-ਪ੍ਰਸ਼ਾਦ ਅਤੇ ਛੋਲਿਆਂ ਦਾ ਲੰਗਰ ਤਿਆਰ ਕੀਤਾ। ਠੀਕ ਇਕ ਵਜੇ ਕਲੱਬ ਦੇ ਪ੍ਰਧਾਨ ਗੁਰਨਾਮ ਸਿੰਘ ਵੱਲੋਂ ਤਿਆਰ ਕੀਤੇ ਗਏ ਲੰਗਰ ਜਿਸ ਵਿਚ ਕੜਾਹ-ਪ੍ਰਸ਼ਾਦ ਅਤੇ ਕਾਲੇ ਛੋਲਿਆਂ ਦੇ ਭੰਗੂਰ ਤੋਂ ਇਲਾਵਾ ਗਜਰੇਲਾ, ਲੱਡੂ, ਸਮੋਸੇ, ਰੂਹ-ਅਫ਼ਜ਼ਾ, ਦੁੱਧ ਤੇ ਹੋਰ ਖਾਧ-ਪਦਾਰਥ ਸ਼ਾਮਲ ਸਨ, ਦੀ ਅਰਦਾਸ ਕਰਦਿਆਂ ਹੋਇਆਂ ਗੁਰੂ ਮਹਾਰਾਜ ਕੋਲੋਂ ਇਨ੍ਹਾਂ ਨੂੰ ਵਰਤਾਉਣ ਦੀ ਆਗਿਆ ਲਈ ਗਈ ਅਤੇ ਇਸ ਦੇ ਨਾਲ ਹੀ ਇਹ ਲੰਗਰ ਸੰਗਤ ਨੂੰ ਵਰਤਾਉਣਾ ਸ਼ੁਰੂ ਕਰ ਦਿੱਤਾ ਗਿਆ। ਦੁਪਿਹਰ ਇਕ ਵਜੇ ਤੋਂ ਲੈ ਕੇ ਸ਼ਾਮ ਦੇ ਛੇ ਵਜੇ ਤੱਕ ਇਹ ਲੰਗਰ ਅਤੁੱਟ ਵਰਤਿਆ। ਸਮਾਪਤੀ 'ਤੇ ਕਲੱਬ ਦੇ ਮਰਦ ਮੈਂਬਰਾਂ ਵੱਲੋਂ ਪਾਰਕ ਦੀ ਸਫ਼ਾਈ ਕੀਤੀ ਗਈ ਅਤੇ ਸਾਰਾ ਗਾਰਬੇਜ ਇਕ ਜਗ੍ਹਾ ਇਕੱਠਾ ਕੀਤਾ ਗਿਆ। ਅਖ਼ੀਰ ਵਿਚ ਕਲੱਬ ਦੇ ਪ੍ਰਧਾਨ ਗੁਰਨਾਮ ਸਿੰਘ ਵੱਲੋਂ ਲੰਗਰ ਤਿਆਰ ਕਰਨ ਵਾਲੀਆਂ ਤੇ ਸੇਵਾ ਕਰਨ ਵਾਲੀਆਂ ਬੀਬੀਆਂ ਅਤੇ ਸਮੂਹ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਗਿਆ।

ਦੋ ਹਫ਼ਤਿਆਂ ਬਾਅਦ 19 ਜੂਨ ਨੂੰ ਕਲੱਬ ਦੇ ਮੈਂਬਰਾਂ ਨੇ ਸਕਾਰਬਰੋ ਦੇ ਗੁਰਦੁਆਰਾ ਸਾਹਿਬ ਦੇ ਨੇੜੇ ਖ਼ੂਬਸੂਰਤ ਮਿਲਕਨ ਡਿਸਟ੍ਰਿਕਟ ਪਾਰਕ ਦਾ ਟੂਰ ਲਾਇਆ। ਟੂਰ ਵਿਚ ਸ਼ਾਮ ਹੋਣ ਵਾਲਿਆਂ ਨੂੰ ਸ਼ੁਭ-ਇੱਛਾਵਾਂ ਦੇਣ ਲਈ ਵਾਰਡ ਨੰਬਰ 7-8 ਦੇ ਰਿਜਨਲ ਕੌਂਸਲਰ ਪੇਟ ਫੋਰਟਿਨੀ ਅਤੇ ਉਨ੍ਹਾਂ ਦੀ ਸਹਾਇਕ ਸਰਬਜੀਤ ਕੌਰ ਬੈਂਸ ਉਚੇਚੇ ਤੌਰ 'ਤੇ ਰੈੱਡਵਿਲੋ ਪਾਰਕ ਵਿਚ ਪਹੁੰਚੇ ਜਿੱਥੇ ਦੋ ਬੱਸਾਂ ਆਪਣੀਆਂ ਸਵਾਰੀਆਂ ਦੀ ਉਡੀਕ ਕਰ ਰਹੀਆਂ ਹਨ। ਸਾਰੇ ਮੈਂਬਰ ਬੱਸਾਂ ਵਿਚ ਸਵਾਰ ਹੋ ਕੇ ਲੱਗਭੱਗ ਗਿਆਰਾਂ ਵਜੇ ਪਾਰਕ ਵਿਚ ਪਹੁੰਚੇ। ਖਾਣ-ਪੀਣ ਦਾ ਕਾਫ਼ੀ ਸਮਾਨ ਪੈਕ ਕਰਕੇ ਉਹ ਬੱਸਾਂ ਵਿਚ ਆਪਣੇ ਨਾਲ ਲਿਆਏ ਸਨ। ਚਾਹ-ਪਾਣੀ ਤੇ ਸਨੈਕਸ ਲੈਣ ਤੋਂ ਬਾਅਦ ਕੇ ਛੋਟੇ-ਛੋਟੇ ਗਰੁੱਪਾਂ ਵਿਚ ਪਾਰਕ ਵਿਚ ਇਧਰ-ਉਧਰ ਘੁੰਮੇ। ਇਸ ਦੌਰਾਨ ਇਕ ਦੂਸਰੇ ਨਾਲ ਗੱਲਾਂ-ਬਾਤਾਂ ਅਤੇ ਚੁਟਕਲੇਬਾਜ਼ੀ ਦਾ ਸਿਲਸਿਲਾ ਅਤੇ ਗੀਤਾਂ ਤੇ ਕਵਿਤਾਵਾਂ ਦਾ ਦੌਰ ਚੱਲਦਾ ਰਿਹਾ। ਏਨੇ ਨੂੰ ਬੀਬੀਆਂ ਨੇ ਗਿੱਧੇ ਲਈ ਪਿੜ ਬਣਾ ਲਿਆ ਅਤੇ ਗਿੱਧਾ ਤੇ ਬੋਲੀਆਂ ਪਾ ਕੇ ਖ਼ੂਬ ਮਨੋਰੰਜਨ ਕੀਤਾ। ਦੋ ਵਜੇ ਸਾਰਿਆਂ ਨੇ ਮਿਲ ਕੇ ਭੋਜਨ ਛਕਿਆ ਅਤੇ ਸ਼ਾਮ ਨੂੰ ਚਾਰ ਕੁ ਵਜੇ ਵਾਪਸੀ ਲਈ ਚਾਲੇ ਪਾ ਲਏ। ਆਉਂਦੇ ਸਮੇਂ ਰਸਤੇ ਵਿਚ ਇਕ ਟਿਮ ਹੌਲਟਿਨ 'ਤੇ ਛੋਟਾ ਜਿਹਾ ਪੜਾਅ ਕਰਕੇ ਸਾਰਿਆਂ ਨੇ ਕੌਫ਼ੀ ਦਾ ਅਨੰਦ ਲਿਆ ਅਤੇ ਫਿਰ ਘਰੋ-ਘਰੀ ਪਹੁੰਚੇ। ਇਸ ਟੂਰ ਦਾ ਸਮੁੱਚਾ ਪ੍ਰਬੰਧ ਅਮਰਜੀਤ ਸਿੰਘ, ਕੁਲਵੰਤ ਸਿੰਘ ਅਤਤੇ ਪਰਮਜੀਤ ਸਿੰਘ ਬੜਿੰਗ ਵੱਲੋਂ ਕੀਤਾ ਗਿਆ।





# ਸੰਤ ਬਾਬਾ ਨਿਰੰਜਨ ਸਿੰਘ ਮੋਹੀ ਵਾਲਿਆਂ ਦੀ ਬਰਸੀ 10 ਜੁਲਾਈ ਨੂੰ



ਸੰਤ ਬਾਬਾ ਨਿਰੰਜਣ ਸਿੰਘ ਜੀ ਮੋਹੀ ਵਾਲੇ ਬਹੁ ਪੱਖੀ ਸਖਸ਼ੀਅਤ ਦੇ ਮਾਲਕ ਸਨ ਜਿੰਨਾ ਨੇ ਆਪਣੇ ਸਮਿਆਂ ਵਿੱਚ ਸਮਾਜ ਦੇ ਹਰ ਖੇਤਰ ਵਿੱਚ ਮਨੁੱਖੀ ਜੀਵਨ ਨੂੰ ਉਚਾ ਚੁੱਕਣ ਤੇ ਸਿਆਣਪ ਭਰਪੂਰ ਬਣਾਉਣ ਲਈ ਆਪਣਾਂ ਵਡਮੁੱਲਾ ਯੋਗਦਾਨ ਪਾਇਆ।1947ਨੂੰ ਦੇਸ਼ ਦੇ ਅਜਾਦ ਹੋਣ ਦੇ ਨਾਲ ਹੀ ਪੰਜਾਬ ਦੀਆਂ ਵੀ ਵੰਡੀਆਂ ਪੈ ਗਈਆਂ।ਬਟਵਾਰੇ ਨੇ ਲਖਾਂ ਲੋਕਾਂ ਨੂੰ ਘਰੋਂ ਬੇਘਰ ਕਰ ਦਿੱਤਾ ਤੇ ਦੋਵੇਂ ਪਾਸੇ ਅਣਗਿਣਤ ਮਨੁੱਖੀ ਜਾਨਾਂ ਅਜਾਈਂ ਚਲੀਆ ਗਈਆਂ।ਸੰਤ ਨਿਰੰਜਨ ਸਿੰਘ ਮੋਹੀ ਵਾਲੇ ਉਸ ਸਮੇ ਪਾਕਿ-ਸਤਾਨ ਦੇ ਮਿੰਟਗੁਮਰੀ ਜਿਲੇ ਵਿਚ ਅਜੀਤ ਸਰ ਖਾਲਸਾ ਸਕੂਲ ਚਲਾ ਰਹੇ ਸਨ।ਉਹਨਾਂ ਨੂੰ ਵੀ ਸਾਰਾ ਕੁਝ ਪਿਛੇ ਛੱਡ ਕੇ ਪੰਜਾਬ ਆਉਣਾ ਪਿਆ।ਉਹਨਾਂ ਅਗਵਾਈ ਕਰਦਿਆਂ, ਹਜਾਰਾਂ ਦੀ ਗਿਣਤੀ ਵਿੱਚ ਰਿਫੂਜੀਆਂ ਨੂੰ ਬਾਰਡਰ ਪਾਰ ਕਰਾਉਣ ਵਿੱਚ ਸਫਲਤਾ ਪ੍ਰਾਪਤ ਕੀਤੀ, ਤੇ ਉਹ ਆਪ ਆਪਣੀ ਜਨਮ ਭੂਮੀ ਮੋਹੀ ਪਿੰਡ ਵਿੱਚ ਪਹੁੰਚ ਗਏ।

' ਫੈਲੇ ਵਿਦਿਆ ਚਾਨਣ ਹੋਏ', ਦੇ ਸਿਧਾਂਤ ਤੇ ਅਮਲ ਕਰਦਿਆਂ ਤੇ ਬਿਨਾਂ ਕੋਈ ਸਮਾ ਗਵਾਇਆ, ਉਹਨਾਂ ਨੇ 1948 ਵਿੱਚ ਮੋਹੀ ਪਿੰਡ ਵਿੱਚ ਦਸਵੀਂ ਜਮਾਤ ਤਕ ਲੜਕੇ ਲੜਕੀਆਂ ਦਾ ਸਕੂਲ ਸ਼ੁਰੂ ਕਰ ਦਿੱਤਾ।ਉਸਤੋਂ ਪਹਿਲਾਂ ਮੋਹੀ ਪਿੰਡ ਦੇ ਲੜਕੇ 6 ਕਿਲੋਮੀਟਰ ਦੂਰ ਸੁਧਾਰ ਸਕੂਲ ਵਿੱਚ ਪੜ੍ਹਦੇ ਸਨ ਤੇ ਪਿੰਡ ਦੀਆਂ ਲੜਕੀਆਂ ਅਨਪੜ੍ਹ ਰਹਿ ਜਾਂਦੀਆਂ ਸਨ।ਇਸਤੋਂ ਥੋੜ੍ਹਾ ਸਮੇ ਪਿਛੋ ਹੀ ਉਹਨਾਂ ਨੇ ਲੋਕਾਂ ਤੇ ਦਾਨੀ ਸੱਜਣਾਂ ਨੂੰ ਪ੍ਰੇਰ ਕੇ ਪਿੰਡ ਜਾਗਪੁਰ ,ਮੁੱਲਾਂਪੁਰ,ਤੇ ਰਾਏਕੋਟ ਤੇ ਫਿਰ ਮਸਤੂਆਣਾ ਸਾਹਿਬ (ਜੋ ਪਿਛੋਂ ਜਾ ਕੇ ਕਾਲਜ ਤਕ ਅਪ ਗ੍ਰੇਡ ਹੋ ਗਿਆ,) ਵਿਖੇ ਵੀ ਖਾਲਸਾ ਹਾਈ ਸਕੂਲ ਸ਼ੁਰੂ ਕਰ ਦਿੱਤੇ। ਇਸ ਤਰਾਂ ਸੰਤ ਬਾਬਾ ਨਿਰੰਜਨ ਸਿੰਘ ਦੇ ਯਤਨਾਂ ਸਦਕਾ ਇਸ ਪਛੜੇ ਹੋਏ ਪੇਂਡੂ ਖੇਤਰ ਵਿੱਚ ਇਕ ਤਰਾਂ ਨਾਲ ਵਿ-ਦਅਕ ਇਨਕਲਾਬ ਆ ਗਿਆ।ਇਸ ਦਾ ਸਿੱਟਾ ਇਹ ਨਿਕਲਿਆ ਕਿ ਉਹਨਾਂ ਸਮਿਆਂ ਵਿੱਚ ਇਨਾਂ ਸਕੂਲਾਂ ਤੋ ਵਿਦਿਆ ਪ੍ਰਾਪਤ ਕਰਕੇ ਤੇ ਫਿਰ ਨਾਲ ਲਗਦੇ ਸੁਧਾਰ ਕਾਲਜ ਤੋਂ ਉਚੇਰੀ ਸਿੱਖਿਆ ਨਾਲ ਲੈਸ ਵਿਦਿਆਰਥੀ ਸਮਾਜ ਦੇ ਹਰ ਖੇਤਰ ਵਿੱਚ ਉਚ ਕੋਟੀ ਦੀਆ ਪਦਵੀਆਂ ਪਰਾਪਤ ਕਰਨ ਵਿੱਚ ਕਾਮਯਾਬ ਹੋ ਗਏ।

ਸੰਤ ਬਾਬਾ ਨਿਰੰਜਨ ਸਿੰਘ ਮੋਹੀ ਵਾਲੇ ਇਕ ਦੂਰਦਰਸ਼ੀ ਸਖਸ਼ੀਅਤ ਸਨ ਤੇ ਅਜ ਦੇ ਸਮੇਂ ਦੇ ਬਹੁਤੇ ਸੰਤਾਂ ਤੋਂ ਵਖਰੇ ਸਨ। ਉਹ ਸਾਦਗੀ ਵਾਲਾ ਜੀਵਨ ਬਤੀਤ ਕਰਦੇ ਸਨ।ਲੋਕ ਭਲਾਈ ਤੇ ਪੇਂਡੂ ਇਲਾਕਿਆਂ ਵਿੱਚ ਵਿਦਿਆ ਦਾ ਪਸਾਰ ਕਰਨਾ ਉਹਨਾਂ ਦਾ ਵਿਜਨ ਸੀ।10 ਜੁਲਾਈ 1965 ਨੂੰ ਮੋਹੀ ਪਿੰਡ ਵਿੱਚ ਉਹਨਾਂ ਨੇ ਸੁਆਸ ਤਿਆਗ ਦਿਤੇ।ਉਹ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਹਨ ਕਿ ਕਿਵੇ ਅਸੀ ਨਿੱਜ ਤੋਂ ਉੱਪਰ ਉੱਠ ਕੇ, ਸਾਰਿਆਂ ਦੇ ਸਹਿਯੋਗ ਨਾਲ ਅਨੁਸ਼ਾਸਨ ਵਿੱਚ ਰਹਿੰਦੇ ਹੋਏ, ਮਨੁੱਖ ਮਨਾਂ ਦੇ ਹਨੇਰੇ ਨੂੰ ਸਿਖਿਆ ਨਾਲ ਰੁਸ਼ਨਾ ਸਕਦੇ ਹਾ। ਉਹਨਾਂ ਦੀ ਵਿਦਿਅਕ ਖੇਤਰ ਵਿੱਚ ਪਿੰਡ ਮੋਹੀ ਅਤੇ ਹੋਰ ਪਛੜੇ ਹੋਏ ਪੇਡੂ ਇਲਾਕੇ ਵਿੱਚ ਪਾਏ ਯੋਗਦਾਨ ਤੋਂ ਸੇਧ ਲੈਦੇ ਹੋਏ, ਉਹਨਾਂ ਦੀ ਯਾਦ ਵਿੱਚ ਹਰ ਸਾਲ ਦੀ ਤਰਾਂ (ਕਰੋਨਾ ਕਾਰਨ ਦੋ ਸਾਲ ਦੇ ਵਕਫ਼ੇ ਤੋਂ ਬਾਅਦ)ਇਸ ਵਾਰ 8 ਜੁਲਾਈ ਦਿਨ ਸ਼ੁੱਕਰਵਾਰ ਨੂੰ ਗੁਰਦਵਾਰਾ ਸਿੱਖ ਸੰਗਤ ,ਰੀਗਨ ਰੋਡ ਬਰੈਂਪਟਨ ਵਿਖੇ, ਸ੍ਰੀ ਆਖੰਡ ਪਾਠ ਸਾਹਿਬ ਅਰੰਭ ਕੀਤੇ ਜਾਣਗੇ।10 ਜੁਲਾਈ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ ਤੇ ਸਾਰੀ ਸਮਾਪਤੀ12 ਵਜੇ ਹੋਵੇਗੀ।ਬਰੈਂਪਟਨ 'ਚ ਰਹਿ ਰਹੇ ਸਾਰੇ ਪਿੰਡ ਵਾਸੀਆਂ , ਸਕੂਲਾਂ ਵਿੱਚ ਪੜੇ ਪੁਰਾਣੇ ਵਿਦਿਆਰਥੀਆਂ ਤੇ ਇਲਾਕਾ ਨਿਵਾਸੀਆਂ ਨੂੰ ਸੰਤ ਨਰੰਜਣ ਸਿੰਘ ਮੋਹੀ ਵਾਲਿਆਂ ਦੀ ਬਰਸੀ ਤੇ ਹਾਜਰ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।ਹੋਰ ਜਾਣਕਾਰੀ ਲਈ ਰਣਜੀਤ ਸਿੰਘ ਕਾਕਾ ਮੋਹੀ ਨੂੰ 647 330 9800 ਤੇ ਜਾਂ ਜਸਪ੍ਰੀਤ ਸਿੰਘ ਜਸੀ ਮੋਹੀ ਨੂੰ 647 281 0859 ਤੇ ਫੋਨ ਕੀਤਾ ਜਾ ਸਕਦਾ ਹੈ।

# ਗਰਭਪਾਤ ਲਈ ਨੈਤਿਕ ਤੌਰ 'ਤੇ ਕੌਣ ਜ਼ਿੰਮੇਵਾਰ ਹੈ ?



ਸੁਰਜੀਤ ਸਿੰਘ ਫਲੋਰਾ

ਗਰਭਪਾਤ ਲਈ ਨੈਤਿਕ ਤੌਰ 'ਤੇ ਕੌਣ ਜ਼ਿੰਮੇਵਾਰ ਹੈ? ਸਭ ਤੋਂ ਪਹਿਲਾਂ, ਇਹ ਕੋਈ ਨੈਤਿਕ ਮੁੱਦਾ ਨਹੀਂ ਹੈ। ਇਹ ਇੱਕ ਔਰਤ ਅਤੇ ਉਸਦੇ ਪ੍ਰੈਕਟੀਸ਼ਨਰ ਵਿਚਕਾਰ ਇੱਕ ਡਾਕਟਰੀ ਮੁੱਦਾ ਹੈ ਅਤੇ ਕਿਸੇ ਹੋਰ ਨੂੰ ਇਹ ਵੀ ਨਹੀਂ ਪਤਾ ਹੋਣਾ ਚਾਹੀਦਾ ਹੈ ਕਿ ਬੰਦ ਦਰਵਾਜ਼ਿਆਂ ਦੇ ਪਿੱਛੇ ਉਹਨਾਂ ਦੁਆਰਾ ਕੀ ਚਰਚਾ ਕੀਤੀ ਜਾ ਰਹੀ ਹੈ।

ਜਿਵੇਂ ਕਿ ਵੱਖੋ-ਵੱਖਰੇ ਪਿਛੋਕੜ ਵਾਲੇ ਸਿਆਸਤਦਾਨ ਅਤੇ ਲਾਬਿੰਗ ਸਮੂਹ ਗਰਭਪਾਤ ਤੱਕ ਪਹੁੰਚ ਦੇ ਮਾਮਲੇ ਵਿੱਚ ਔਰਤਾਂ ਦੇ ਅਧਿਕਾਰਾਂ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਹਨ, ਇਹ ਯਾਦ ਰੱਖਣਾ ਚਾਹੀਦਾ ਹੈ ਕਿ: ਗਰਭਪਾਤ ਨੈਤਿਕ ਅਤੇ ਦਾਰਸ਼ਨਿਕ ਤੌਰ 'ਤੇ ਜਾਇਜ਼ ਹੈ।

ਇੱਥੇ ਗਰਭਪਾਤ ਦੇ ਹੱਕ ਵਿੱਚ ਔਰਤਾਂ ਦੇ ਅਧਿਕਾਰਾਂ ਦੀਆਂ ਕੁਝ ਦਲੀਲਾਂ ਹਨ: ਔਰਤਾਂ ਨੂੰ ਇਹ ਫੈਸਲਾ ਕਰਨ ਦਾ ਨੈਤਿਕ ਅਧਿਕਾਰ ਹੈ ਕਿ ਉਨ੍ਹਾਂ ਦੇ ਸਰੀਰ ਨਾਲ ਕੀ ਕਰਨਾ ਹੈ, ਗਰਭਪਾਤ ਦਾ ਅਧਿਕਾਰ ਲਿੰਗ ਸਮਾਨਤਾ ਲਈ ਮਹੱਤਵਪੂਰਨ ਹੈ, ਗਰਭਪਾਤ ਦਾ ਅਧਿਕਾਰ ਵਿਅਕਤੀਗਤ ਔਰਤਾਂ ਲਈ ਆਪਣੀ ਪੂਰੀ ਪ੍ਰਾਪਤੀ ਲਈ ਜ਼ਰੂਰੀ ਹੈ। ਸੰਭਾਵੀ, ਗਰਭਪਾਤ 'ਤੇ ਪਾਬੰਦੀ ਲਗਾਉਣਾ ਔਰਤਾਂ ਨੂੰ ਗੈਰ-ਕਾਨੂੰਨੀ ਗਰਭਪਾਤ ਕਰਨ ਵਾਲਿਆਂ ਦੀ ਵਰਤੋਂ ਕਰਨ ਲਈ ਮਜਬੂਰ ਕਰਕੇ ਖਤਰੇ ਵਿੱਚ ਪਾਉਂਦਾ ਹੈ ਅਤੇ ਗਰਭਪਾਤ ਦਾ ਅਧਿਕਾਰ ਗਰਭ ਅਵਸਥਾ ਦੇ ਅਧਿਕਾਰਾਂ ਦੇ ਇੱਕ ਪੋਰਟਫੋਲੀਓ ਦਾ ਹਿੱਸਾ ਹੋਣਾ ਚਾਹੀਦਾ ਹੈ ਜੋ ਔਰਤਾਂ ਨੂੰ ਇੱਕ ਸੱਚਮੁੱਚ ਆਜ਼ਾਦ ਚੋਣ ਕਰਨ ਦੇ ਯੋਗ ਬਣਾਉਂਦਾ ਹੈ ਕਿ ਕੀ ਗਰਭ ਅਵਸਥਾ ਦੇ ਅਧਿਕਾਰਾਂ ਨੂੰ ਖ਼ਤਮ ਕਰਨਾ ਹੈ।

ਇਹ ਦਲੀਲ ਸਾਨੂੰ ਯਾਦ ਦਿਵਾਉਂਦੀ ਹੈ ਕਿ ਗਰਭਪਾਤ ਦੀ ਬਹਿਸ ਵਿੱਚ ਵੀ, ਸਾਨੂੰ ਔਰਤ ਨੂੰ ਇੱਕ ਵਿਅਕਤੀ ਵਜੋਂ ਸਮਝਣਾ ਚਾਹੀਦਾ ਹੈ ਨਾ ਕਿ ਸਿਰਫ਼ ਭਰੂਣ ਲਈ ਇੱਕ ਡੱਬੇ ਵਜੋਂ। ਇਸ ਲਈ ਸਾਨੂੰ ਉਸ ਦੇ ਅਧਿਕਾਰਾਂ ਅਤੇ ਲੋੜਾਂ ਦੇ ਨਾਲ-ਨਾਲ ਅਣਜੰਮੇ ਬੱਚੇ ਦੀਆਂ ਜ਼ਰੂਰਤਾਂ ਵੱਲ ਬਹੁਤ ਧਿਆਨ ਦੇਣਾ ਚਾਹੀਦਾ ਹੈ।

ਪਸੰਦੀਦਾ ਔਰਤਾਂ ਦੇ ਅਧਿਕਾਰਾਂ ਦੇ ਕਾਰਕੁਨ ਭਰੂਣ ਪ੍ਰਤੀ ਅਸਾਧਾਰਨ ਜਾਂ ਬੇਰਹਿਮ ਰਵੱਈਆ ਨਹੀਂ ਰੱਖਦੇ; ਉਲਟਾ ਆਮ ਤੌਰ 'ਤੇ ਸੱਚ ਹੁੰਦਾ ਹੈ, ਅਤੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਮੰਨਦੇ ਹਨ ਕਿ ਗਰਭਪਾਤ ਦੀ ਚੋਣ ਕਰਨਾ ਆਮ ਤੌਰ 'ਤੇ ਕਾਰਵਾਈ ਦੇ ਕਈ ਮਾੜੇ ਕੋਰਸਾਂ ਵਿੱਚੋਂ ਘੱਟ ਤੋਂ ਘੱਟ ਬੁਰਾ ਚੁਣਨ ਦਾ ਮਾਮਲਾ ਹੁੰਦਾ ਹੈ।

ਗਰਭਪਾਤ ਦਾ ਮੁੱਦਾ ਵੱਡੇ ਪੱਧਰ 'ਤੇ ਭਰੂਣ ਅਤੇ ਮਾਂ ਦੇ ਅਧਿਕਾਰਾਂ ਨਾਲ ਨਜਿੱਠਣ ਲਈ ਸਮਰਪਿਤ ਹੈ। ਪਿਤਾ ਦੇ ਹੱਕਾਂ ਅਤੇ ਸਰੋਕਾਰਾਂ ਦੀ ਚਰਚਾ ਘੱਟ ਹੀ ਹੁੰਦੀ ਹੈ।

ਪਿਤਾ ਅਤੇ ਗਰਭਪਾਤ ਬਾਰੇ ਸਭ ਤੋਂ ਆਮ ਮਾਮਲਾ ਉਦੋਂ ਹੁੰਦਾ ਹੈ ਜਦੋਂ ਪਿਤਾ ਚਾਹੁੰਦਾ ਹੈ ਕਿ ਮਾਂ ਗਰਭਪਾਤ ਕਰਵਾਵੇ ਅਤੇ ਉਹ ਨਹੀਂ ਕਰਦੀ।

ਪਰ ਕਈ ਵਾਰ ਮਾਂ ਗਰਭਪਾਤ ਚਾਹੁੰਦੀ ਹੈ ਅਤੇ ਪਿਤਾ ਚਾਹੁੰਦਾ ਹੈ ਕਿ ਉਹ ਬੱਚਾ ਪੈਦਾ ਕਰੇ। ਕੀ ਗਰਭਪਾਤ ਨੈਤਿਕ ਤੌਰ 'ਤੇ ਗਲਤ ਹੈ ਕਿਉਂਕਿ ਇਹ ਪਿਤਾ ਦੇ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ?

ਪਿਤਾ ਅਤੇ ਅਦਾਲਤਾਂ - 2002 ਵਿੱਚ ਇੱਕ ਨਵੇਂ ਚੀਨੀ ਕਾਨੂੰਨ ਨੇ ਇੱਕ ਆਦਮੀ ਨੂੰ ਆਪਣੀ ਪਤਨੀ ਦੇ ਅਧਿਕਾਰ ਦੇ ਬਰਾਬਰ ਬੱਚਾ ਪੈਦਾ ਕਰਨ ਦਾ ਅਧਿਕਾਰ ਦਿੱਤਾ, ਅਤੇ ਇੱਕ ਆਦਮੀ ਨੇ ਆਪਣੀ ਪਤਨੀ ਨੂੰ ਗਰਭਪਾਤ ਕਰਵਾ ਕੇ ਇਸ ਅਧਿਕਾਰ ਦੀ ਉਲੰਘਣਾ ਕਰਨ ਲਈ ਮੁਕੱਦਮਾ ਕੀਤਾ। ਨਾਲ ਹੀ, ਅਮਰੀਕੀ ਅਦਾਲਤਾਂ ਨੇ ਲਗਾਤਾਰ ਫੈਸਲਾ ਕੀਤਾ ਹੈ ਕਿ ਇੱਕ ਔਰਤ ਦੇ ਗਰਭਪਾਤ ਦੇ ਅਧਿਕਾਰ ਨੂੰ ਪਤੀ, ਸਾਥੀ ਜਾਂ ਸਾਬਕਾ ਬੁਆਏਫ੍ਰੈਂਡ ਦੁਆਰਾ ਵੀਟੋ ਨਹੀਂ ਕੀਤਾ ਜਾ ਸਕਦਾ ਹੈ, ਅਤੇ ਇਹ ਵੀ ਕਿ ਇੱਕ ਔਰਤ ਨੂੰ ਪਿਤਾ ਨੂੰ ਸੂਚਿਤ ਕਰਨ ਦੀ ਲੋੜ ਨਹੀਂ ਹੈ ਕਿ ਉਹ ਗਰਭਪਾਤ ਕਰਵਾਉਣ ਦਾ ਇਰਾਦਾ ਰੱਖਦੀ ਹੈ।

ਪਿਤਾ ਦੇ ਅਧਿਕਾਰਾਂ ਦੀ ਬਹੁਤੀ ਚਰਚਾ ਨਹੀਂ ਕੀਤੀ ਗਈ ਹੈ। ਜੇਕਰ ਪਿਤਾ ਦੀ ਇੱਕ ਬੱਚਾ ਪੈਦਾ ਕਰਨ ਵਿੱਚ ਨੈਤਿਕ ਤੌਰ 'ਤੇ ਜਾਇਜ਼ ਦਿਲਚਸਪੀ ਹੈ, ਅਤੇ ਮਾਂ ਪਿਤਾ ਨੂੰ ਇਹ ਵਿਸ਼ਵਾਸ ਕਰਨ ਲਈ ਗੁੰਮਰਾਹ ਕਰਦੀ ਹੈ ਕਿ ਜੇਕਰ ਉਹ ਕੁਝ ਕੰਮ ਕਰਦਾ ਹੈ ਤਾਂ ਉਹ ਉਸਨੂੰ ਇੱਕ ਬੱਚਾ ਦੇਵੇਗਾ, ਅਤੇ ਪਿਤਾ ਉਹ ਚੀਜ਼ਾਂ ਪਰਿਵਾਰ ਰੱਖਣ ਦੇ ਖਾਸ ਉਦੇਸ਼ ਲਈ ਕਰਦਾ ਹੈ, ਤਾਂ ਮਾਂ ਲਈ ਜਾਣਬੁੱਝ ਕੇ ਪਿਤਾ ਨੂੰ ਬੱਚੇ ਪੈਦਾ ਕਰਨ ਤੋਂ ਰੋਕਣਾ ਗਲਤ ਹੈ।

ਇਹਨਾਂ ਮਾਮਲਿਆਂ ਵਿੱਚ ਔਰਤ ਦੁਆਰਾ ਜਾਣਬੁੱਝ ਕੇ ਧੋਖਾ ਦੇਣਾ ਸ਼ਾਮਲ ਹੈ: ਉਹ ਬੱਚੇ ਚਾਹੁੰਦਾ ਹੈ ਪਰ ਉਹ ਨਹੀਂ ਚਾਹੁੰਦਾ, ਉਹ ਉਸਨੂੰ ਇਹ ਦੱਸਣ ਵਿੱਚ ਅਸਫਲ ਹੋ ਕੇ ਉਸਨੂੰ ਧੋਖਾ ਦਿੰਦੀ ਹੈ ਕਿ ਉਸਨੂੰ ਇੱਕ ਪਰਿਵਾਰ ਨਹੀਂ ਚਾਹੀਦਾ, ਉਹ ਆਪਣੇ ਆਪ ਨੂੰ ਉਸਨੂੰ ਅਤੇ ਬਹੁਤ-ਇੱਛਤ ਪਰਿਵਾਰ ਨੂੰ ਸਮਰਪਿਤ ਕਰ ਦਿੰਦਾ ਹੈ, ਉਹ ਅਚਾਨਕ ਗਰਵਤੀ ਹੋ ਜਾਂਦੀ ਹੈ। ਗਰਭਵਤੀ, ਉਹ ਖੁਸ਼ ਹੈ ਪਰ ਉਹ ਅਣਜੰਮੇ ਬੱਚੇ ਦਾ ਗਰਭਪਾਤ ਕਰ ਦਿੰਦੀ ਹੈ।

ਕੁਝ ਲੋਕ ਇਸ 'ਤੇ ਇਹ ਕਹਿ ਕੇ ਇਤਰਾਜ਼ ਕਰਦੇ ਹਨ ਕਿ ਗਲਤੀ ਪਿਤਾ ਦੇ ਕਿਸੇ ਨੈਤਿਕ ਅਧਿਕਾਰ ਦੀ ਬਜਾਏ ਮਾਂ ਦੀ ਜਾਣਬੁੱਝ ਕੇ ਕੀਤੀ ਦੁਰਵਿਹਾਰ ਤੋਂ ਹੁੰਦੀ ਹੈ।

ਕਈ ਵਾਰ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਭਰੂਣ ਅਵਸਥਾ ਵਿੱਚ ਮਨੁੱਖ ਵਿਅਕਤੀ ਨਹੀਂ ਹੁੰਦੇ ਕਿਉਂਕਿ ਭਰੂਣ ਵਾਲੇ ਮਨੁੱਖ ਉੱਚ ਮਾਨਸਿਕ ਸਮਰੱਥਾ ਜਾਂ ਕਾਰਜ ਨਹੀਂ ਕਰਦੇ। ਅਸੀਂ ਦਲੀਲ ਦਿੱਤੀ ਹੈ ਕਿ ਇੱਕ ਵਿਅਕਤੀ ਬਣਨ ਲਈ, ਇੱਕ ਹਸਤੀ ਨੂੰ ਸਵੈ-ਜਾਗਰੂਕ ਹੋਣਾ ਚਾਹੀਦਾ ਹੈ। ਕੋਈ ਉਹਨਾਂ ਦੇ ਵਿਚਕਾਰ ਰੇਖਾ ਕਿੱਥੇ ਖਿੱਚਦਾ ਹੈ ਜੋ ਅਧਿਕਾਰਾਂ ਦੇ ਅਧੀਨ ਹਨ ਅਤੇ ਜੋ ਨਹੀਂ ਹਨ?

ਹਰ ਸਥਿਤੀ ਵਿੱਚ, ਫੈਸਲਾ ਮਾਂ 'ਤੇ ਛੱਡ ਦੇਣਾ ਚਾਹੀਦਾ ਹੈ.

ਜਨਮ ਦੇ ਆਲੇ ਦੁਆਲੇ ਲਗਾਤਾਰ ਵਧ ਰਹੀਆਂ ਤਕਨੀਕੀ ਕਾਢਾਂ ਅਮਰੀਕੀ ਪ੍ਰਸੂਤੀ ਵਿਗਿਆਨ ਵਿੱਚ ਬਾਇਓਮੈਡੀਕਲ ਨੈਤਿਕਤਾ ਵਿੱਚ ਨਵੀਆਂ ਚੁਣੌਤੀਆਂ ਪੈਦਾ ਕਰ ਰਹੀਆਂ ਹਨ। ਗਰਭਪਾਤ ਦੇ ਸਿਆਸੀਕਰਨ ਨੇ ਇਹਨਾਂ ਚੁਣੌਤੀਆਂ ਨੂੰ ਵਧਾ ਦਿੱਤਾ ਹੈ ਅਤੇ ਡਾਕਟਰਾਂ ਦੀ ਨਿੱਜੀ ਨੈਤਿਕਤਾ ਅਤੇ ਪੇਸ਼ੇਵਰ ਜ਼ਿੰਮੇਵਾਰੀ ਵਿਚਕਾਰ ਟਕਰਾਅ ਵਧਾਇਆ ਹੈ।

ਇੱਕ ਨਵਾਂ ਉਪਜਾਊ ਅੰਡਕੋਸ਼, ਸੈੱਲਾਂ ਦਾ ਇੱਕ ਨਵਾਂ ਲਗਾਇਆ ਗਿਆ ਝੁੰਡ, ਇੱਕ ਐਕੋਰਨ ਇੱਕ ਓਕ ਦੇ ਦਰੱਖਤ ਨਾਲੋਂ ਵੱਧ ਇੱਕ ਵਿਅਕਤੀ ਨਹੀਂ ਹੈ। ਕਿਵੇਂ, ਸਹੀ ਢੰਗ ਨਾਲ, ਅਸੀਂ ਉੱਥੋਂ ਇਸ ਸਿੱਟੇ 'ਤੇ ਕਿਵੇਂ ਪਹੁੰਚ ਸਕਦੇ ਹਾਂ ਕਿ ਗਰਭਪਾਤ ਨੈਤਿਕ ਤੌਰ 'ਤੇ ਅਯੋਗ ਹੈ? ਗਰਭਪਾਤ ਦੇ ਵਿਰੋਧੀ ਆਮ ਤੌਰ 'ਤੇ ਆਪਣਾ ਜ਼ਿਆਦਾਤਰ ਸਮਾਂ ਇਹ ਸਥਾਪਿਤ ਕਰਨ ਵਿੱਚ ਬਿਤਾਉਂਦੇ ਹਨ ਕਿ ਗਰੱਭ ਵਿਚ ਬੱਚਾ ਇੱਕ ਵਿਅਕਤੀ ਹੈ, ਅਤੇ ਸ਼ਾਇਦ ਹੀ ਕਦੇ ਵੀ ਗਰਭਪਾਤ ਦੀ ਅਯੋਗਤਾ ਤੱਕ ਦੇ ਕਦਮ ਦੀ ਵਿਆਖਿਆ ਕਰਦੇ ਹਨ।

ਦਲੀਲ ਕਿਵੇਂ ਚਲਦੀ ਹੈ? ਕੁਝ ਇਸ ਤਰ੍ਹਾਂ - ਹਰ ਵਿਅਕਤੀ ਨੂੰ ਜੀਵਨ ਦਾ ਅਧਿਕਾਰ ਹੈ। ਇਸ ਲਈ, ਭਰੂਣ ਨੂੰ ਜੀਵਨ ਦਾ ਅਧਿਕਾਰ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਾਂ ਨੂੰ ਇਹ ਫੈਸਲਾ ਕਰਨ ਦਾ ਅਧਿਕਾਰ ਹੈ ਕਿ ਉਸ ਦੇ ਸਰੀਰ ਵਿਚ ਕੀ ਹੋਣਾ ਹੈ; ਹਰ ਕੋਈ ਇਸ ਨੂੰ ਪ੍ਰਦਾਨ ਕਰੇਗਾ। ਪਰ ਨਿਸ਼ਚਿਤ ਤੌਰ 'ਤੇ ਇੱਕ ਵਿਅਕਤੀ ਦਾ ਜੀਵਨ ਦਾ ਅਧਿਕਾਰ ਮਾਂ ਦੇ ਇਹ ਫੈਸਲਾ ਕਰਨ ਦੇ ਅਧਿਕਾਰ ਨਾਲੋਂ ਵਧੇਰੇ ਮਜ਼ਬੂਤ ਅਤੇ ਸਖ਼ਤ ਹੈ ਕਿ ਉਸਦੇ ਸਰੀਰ ਵਿੱਚ ਕੀ ਹੁੰਦਾ ਹੈ, ਅਤੇ ਇਸ ਲਈ ਇਸ ਤੋਂ ਵੀ ਵੱਧ ਹੈ। ਇਸ ਲਈ ਭਰੂਣ ਨੂੰ ਮਾਰਿਆ ਨਹੀਂ ਜਾ ਸਕਦਾ; ਗਰਭਪਾਤ ਨਹੀਂ ਕੀਤਾ ਜਾ ਸਕਦਾ ਹੈ।

ਕੀ ਉਹ ਲੋਕ ਜਿਨ੍ਹਾਂ ਦਾ ਮੈਂ ਜ਼ਿਕਰ ਕੀਤਾ ਹੈ ਕਿ ਗਰਭਪਾਤ ਦਾ ਵਿਰੋਧ ਕਰਦੇ ਹਨ, ਕੀ ਉਹ ਬਲਾਤਕਾਰ ਦੇ ਕਾਰਨ ਗਰਭਪਾਤ ਲਈ ਅਪਵਾਦ ਕਰ ਸਕਦੇ ਹਨ? ਯਕੀਨਨ. ਉਹ ਕਹਿ ਸਕਦੇ ਹਨ ਕਿ ਵਿਅਕਤੀਆਂ ਨੂੰ ਜੀਵਨ ਦਾ ਅਧਿਕਾਰ ਤਾਂ ਹੀ ਹੈ ਜੇਕਰ ਉਹ ਬਲਾਤਕਾਰ ਕਰਕੇ ਹੋਂਦ ਵਿੱਚ ਨਹੀਂ ਆਏ; ਜਾਂ ਉਹ ਕਹਿ ਸਕਦੇ ਹਨ ਕਿ ਸਾਰੇ ਵਿਅਕਤੀਆਂ ਨੂੰ ਜੀਵਨ ਦਾ ਅਧਿਕਾਰ ਹੈ, ਪਰ ਕੁਝ ਲੋਕਾਂ ਨੂੰ ਦੂਜਿਆਂ ਨਾਲੋਂ ਘੱਟ ਜੀਵਨ ਦਾ ਅਧਿਕਾਰ ਹੈ। ਖਾਸ ਤੌਰ 'ਤੇ, ਜੋ ਕਿ ਬਲਾਤਕਾਰ ਕਰਕੇ ਹੋਂਦ ਵਿਚ ਆਏ ਹਨ, ਘੱਟ ਹਨ. ਪਰ ਇਹਨਾਂ ਬਿਆਨਾਂ ਵਿੱਚ ਇੱਕ ਨਾਜ਼ੁਕ ਆਵਾਜ਼ ਹੈ। ਯਕੀਨੀ ਤੌਰ 'ਤੇ ਇਹ ਸਵਾਲ ਕਿ ਕੀ ਤੁਹਾਡੇ ਕੋਲ ਜ਼ਿੰਦਗੀ ਦਾ ਹੱਕ ਹੈ, ਜਾਂ ਤੁਹਾਡੇ ਕੋਲ ਇਸ ਦਾ ਕਿੰਨਾ ਕੁ ਅਧਿਕਾਰ ਹੈ, ਇਸ ਸਵਾਲ ਹੀ ਨਹੀਂ ਕਰਨਾ ਚਾਹੀਦਾ ਕਿ ਤੁਸੀਂ ਬਲਾਤਕਾਰ ਦੀ ਪੈਦਾਵਾਰ ਹੋ ਜਾਂ ਨਹੀਂ। ਅਤੇ ਵਾਸਤਵ ਵਿੱਚ, ਜੋ ਲੋਕ ਗਰਭਪਾਤ ਦਾ ਵਿਰੋਧ ਕਰਦੇ ਹਨ ਉਹ ਜ਼ਮੀਨ 'ਤੇ ਮੈਂ ਜ਼ਿਕਰ ਕੀਤਾ ਹੈ, ਉਹ ਇਹ ਅੰਤਰ ਨਹੀਂ ਕਰਦੇ ਹਨ, ਅਤੇ ਇਸ ਲਈ ਬਲਾਤਕਾਰ ਦੇ ਮਾਮਲੇ ਵਿੱਚ ਕੋਈ ਅਪਵਾਦ ਨਹੀਂ ਕਰਦੇ ਹਨ।

ਕੁਝ ਅਜਿਹੇ ਕੇਸਾਂ ਲਈ ਵੀ ਅਪਵਾਦ ਨਹੀਂ ਕਰਨਗੇ ਜਿਸ ਵਿੱਚ ਗਰਭ ਅਵਸਥਾ ਨੂੰ ਜਾਰੀ ਰੱਖਣ ਨਾਲ ਮਾਂ ਦੀ ਜ਼ਿੰਦਗੀ ਨੂੰ ਛੋਟਾ ਕਰਨ ਦੀ ਸੰਭਾਵਨਾ ਹੈ, ਉਹ ਮਾਂ ਦੀ ਜਾਨ ਬਚਾਉਣ ਲਈ ਵੀ ਗਰਭਪਾਤ ਨੂੰ ਅਯੋਗ ਮੰਨਦੇ ਹਨ। ਅਜਿਹੇ ਮਾਮਲੇ ਅੱਜਕੱਲ੍ਹ ਬਹੁਤ ਘੱਟ ਹਨ, ਅਤੇ ਗਰਭਪਾਤ ਦੇ ਬਹੁਤ ਸਾਰੇ ਵਿਰੋਧੀ ਇਸ ਅਤਿਅੰਤ ਦ੍ਰਿਸ਼ਟੀਕੋਣ ਨੂੰ ਸਵੀਕਾਰ ਨਹੀਂ ਕਰਦੇ ਹਨ।

ਮੰਨ ਲਓ ਕਿ ਇੱਕ ਔਰਤ ਗਰਭਵਤੀ ਹੋ ਗਈ ਹੈ, ਅਤੇ ਹੁਣ ਉਸਨੂੰ ਪਤਾ ਚੱਲਦਾ ਹੈ ਕਿ ਉਸਨੂੰ ਦਿਲ ਦੀ ਬਿਮਾਰੀ ਹੈ ਕਿ ਜੇਕਰ ਉਹ ਬੱਚੇ ਨੂੰ ਜਨਮ ਦਿੰਦੀ ਹੈ ਤਾਂ ਉਸਦੀ ਮੌਤ ਹੋ ਜਾਵੇਗੀ। ਇੱਥੋਂ ਤੱਕ ਕਿ ਇੱਕ 'ਸੀ-ਸੈਕਸ਼ਨ' ਮਾਂ ਨੂੰ ਮਾਰ ਦੇਵੇਗਾ। ਉਸ ਲਈ ਕੀ ਕੀਤਾ ਜਾ ਸਕਦਾ ਹੈ? ਗਰੱਭ ਵਿਚ ਬੱਚਾ ਜੀਵਨ ਲਈ ਹੈ, ਪਰ ਜਿਵੇਂ ਕਿ ਮਾਂ ਵੀ ਇੱਕ ਵਿਅਕਤੀ ਹੈ, ਉਸੇ ਤਰ੍ਹਾਂ ਉਸ ਨੂੰ ਜੀਵਨ ਦਾ ਹੱਕ ਹੈ। ਸੰਭਵ ਤੌਰ 'ਤੇ, ਉਨ੍ਹਾਂ ਨੂੰ ਜੀਵਨ ਦਾ ਬਰਾਬਰ ਦਾ ਅਧਿਕਾਰ ਹੈ। ਇਹ ਕਿਵੇਂ ਸਾਹਮਣੇ ਆਵੇਗਾ ਕਿ ਗਰਭਪਾਤ ਨਹੀਂ ਕੀਤਾ ਜਾ ਸਕਦਾ ਹੈ? ਜੇ ਮਾਂ ਅਤੇ ਬੱਚੇ ਨੂੰ ਜੀਵਨ ਦਾ ਬਰਾਬਰ ਅਧਿਕਾਰ ਹੈ, ਤਾਂ ਕੀ ਸਾਨੂੰ ਸਿੱਕਾ ਨਹੀਂ ਪਲਟਾਉਣਾ ਚਾਹੀਦਾ? ਜਾਂ ਕੀ ਸਾਨੂੰ ਮਾਂ ਦੇ ਜੀਵਨ ਦੇ ਅਧਿਕਾਰ ਵਿੱਚ ਇਹ ਫੈਸਲਾ ਕਰਨ ਦੇ ਉਸਦੇ ਅਧਿਕਾਰ ਨੂੰ ਜੋੜਨਾ ਚਾਹੀਦਾ ਹੈ ਕਿ ਉਸਦੇ ਸਰੀਰ ਵਿੱਚ ਕੀ ਹੁੰਦਾ ਹੈ, ਜਿਸ ਨੂੰ ਹਰ ਕੋਈ ਦੇਣ ਲਈ ਤਿਆਰ ਜਾਪਦਾ ਹੈ - ਉਸਦੇ ਅਧਿਕਾਰਾਂ ਦਾ ਜੋੜ ਹੁਣ ਭਰੂਣ ਦੇ ਜੀਵਨ ਦੇ ਅਧਿਕਾਰ ਤੋਂ ਵੱਧ ਗਿਆ ਹੈ?

ਸਾਨੂੰ ਦੱਸਿਆ ਜਾਂਦਾ ਹੈ ਕਿ ਗਰਭਪਾਤ ਕਰਨਾ ਸਿੱਧੇ ਤੌਰ 'ਤੇ ਬੱਚੇ ਨੂੰ ਮਾਰਨਾ ਹੈ, ਜਦੋਂ ਕਿ ਕੁਝ ਨਾ ਕਰਨਾ ਮਾਂ ਨੂੰ ਮਾਰਨਾ ਨਹੀਂ ਹੈ, ਪਰ ਸਿਰਫ਼ ਉਸ ਨੂੰ ਮਰਨ ਦੇਣਾ ਹੈ। ਇਸ ਤੋਂ ਇਲਾਵਾ, ਬੱਚੇ ਨੂੰ ਮਾਰਨ ਵਿੱਚ, ਕੋਈ ਇੱਕ ਨਿਰਦੋਸ਼ ਵਿਅਕਤੀ ਨੂੰ ਮਾਰ ਰਿਹਾ ਹੋਵੇਗਾ, ਕਿਉਂਕਿ ਬੱਚੇ ਨੇ ਕੋਈ ਅਪਰਾਧ ਨਹੀਂ ਕੀਤਾ ਹੈ, ਅਤੇ ਉਸਦੀ ਮਾਂ ਦੀ ਮੌਤ ਦਾ ਉਦੇਸ਼ ਨਹੀਂ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਸਿਰਫ਼ ਇਹ ਦਿਖਾਵਾ ਕਰਦੇ ਆਏ ਹਾਂ ਕਿ ਗਰਭ 'ਚ ਬੱਚੇ ਗਰਭ ਦੇ ਪਲ ਤੋਂ ਹੀ ਮਨੁੱਖ ਹੈ। ਬਹੁਤ ਜਲਦੀ ਗਰਭਪਾਤ ਨਿਸ਼ਚਤ ਤੌਰ 'ਤੇ ਕਿਸੇ ਵਿਅਕਤੀ ਦੀ ਹੱਤਿਆ ਨਹੀਂ ਹੈ।

ਸਾਨੂੰ "ਉਹ ਕਿਰਿਆਵਾਂ ਕਰਨੀਆਂ ਚਾਹੀਦੀਆਂ ਹਨ ਜਿਨ੍ਹਾਂ ਬਾਰੇ ਅਸੀਂ ਵੱਧ ਤੋਂ ਵੱਧ ਵਿਸ਼ਵਾਸ ਰੱਖਦੇ ਹਾਂ ਨੈਤਿਕ ਤੌਰ 'ਤੇ ਮਨਜ਼ੂਰ ਹੈ"।

ਸਧਾਰਣ ਭਾਸ਼ਾ ਵਿੱਚ ਗੱਲ ਕਰੀਏ ਤਾਂ ਇ ਜਿੱਥੇ ਸਾਨੂੰ ਇੱਕ ਨੈਤਿਕ ਚੋਣ ਕਰਨੀ ਪੈਂਦੀ ਹੈ, ਸਾਨੂੰ ਉਹ ਕਾਰਵਾਈ ਕਰਨੀ ਚਾਹੀਦੀ ਹੈ ਜਿਸ ਵਿੱਚ ਸਾਨੂੰ ਸਭ ਤੋਂ ਵੱਧ ਭਰੋਸਾ ਹੈ ਕਿ ਉਹ ਨੈਤਿਕ ਤੌਰ 'ਤੇ ਸਹੀ ਹੈ।

ਉਦਾਹਰਣ ਲਈ:
ਇੱਕ ਮਾਂ ਦਾ ਮੰਨਣਾ ਹੈ ਕਿ ਸੰਤੁਲਨ 'ਤੇ ਇਹ ਨੈਤਿਕ ਤੌਰ 'ਤੇ ਉਸ ਗਰਭ ਵਿਚ ਬੱਚੇ ਦਾ ਗਰਭਪਾਤ ਕਰਨ ਦੀ ਇਜਾਜ਼ਤ ਹੈ ਜੋ ਉਹ ਲੈ ਰਹੀ ਹੈ ਕਿਉਂਕਿ ਟੈਸਟ ਦਿਖਾਉਂਦੇ ਹਨ ਕਿ ਇਸ ਵਿੱਚ ਗੰਭੀਰ ਅਪਾਹਜਤਾ , ਮੁਸ਼ਕਲਾਂ ਆਉਣਗੀਆਂ , ਜਿਸ ਵਿਚ ਉਸ ਦੀ ਜਾਨ ਵੀ ਜਾ ਸਕਦੀ ਹੈ।

ਮਾਂ ਦਾ ਮੰਨਣਾ ਹੈ ਕਿ ਉਸਨੂੰ ਉਹ ਕਾਰਵਾਈ ਕਰਨੀ ਚਾਹੀਦੀ ਹੈ ਜੋ ਉਸਨੂੰ ਸਭ ਤੋਂ ਵੱਧ ਯਕੀਨ ਹੈ ਕਿ ਨੈਤਿਕ ਤੌਰ 'ਤੇ ਸਹੀ ਹੈ ਦੋਨੋਂ ਮਾਂ ਅਤੇ ਬੱਚਾ ਸਿਹਤਮੰਦ ਰਹਿਗੇ।

ਗਰਭਪਾਤ ਇੱਕ ਨੈਤਿਕ ਵਿਕਲਪ ਨਹੀਂ ਹੈ - ਇਹ ਇੱਕ ਸਰੀਰਕ ਅਤੇ ਭਾਵਨਾਤਮਕ ਵਿਕਲਪ ਹੈ, ਅਤੇ ਔਰਤਾਂ ਨੂੰ ਇਹ ਨਿਰਧਾਰਤ ਕਰਨ ਦਾ ਅਧਿਕਾਰ ਹੈ ਕਿ ਉਹ ਕੀ ਚਾਹੁੰਦੀ ਹੈ ਤੇ ਉਸ ਲਈ ਕੀ ਸਹੀ ਹੈ।

## ਹਲਕਾ-ਫੁਲਕਾ

ਇੱਕ ਸੱਸ ਤੇ ਨੂੰਹ ਵਿਚਾਲੇ ਝਗੜਾ ਹੋ ਰਿਹਾ ਸੀ ਤਾਂ ਬਾਪ-ਬੇਟੇ ਬੜੀ ਮਿਹਨਤ ਨਾਲ ਸੱਸ-ਨੂੰਹ ਦਾ ਝਗੜਾ ਸ਼ਾਂਤ ਕਰਵਾ ਰਹੇ ਸਨ। ਉਦੋਂ ਬੱਚੇ ਨੇ ਦੂਰੋਂ ਆਪਣੀ ਨਾਨੀ ਨੂੰ ਆਉਂਦੇ ਦੇਖਿਆ ਤੇ ਜ਼ੋਰ ਨਾਲ ਚੀਖਿਆ, ''ਲਓ ਜੀ! ਲੜਾਈ ਦੀ ਤੀਸਰੀ ਲਹਿਰ ਵੀ ਆ ਗਈ।''

********

ਪਤਨੀ, ''ਜੀ ਸੁਣਦੇ ਹੋ, ਜ਼ਰਾ ਉਪਰੋਂ ਬੈਗ ਉਤਾਰ ਦਿਓ, ਮੇਰਾ ਹੱਥ ਨਹੀਂ ਪੁੱਜ ਰਿਹਾ।''

ਪਤੀ (ਗੁੱਸੇ ਨਾਲ), ''ਆਪਣੀ ਜ਼ੁਬਾਨ ਨਾਲ ਟ੍ਰਾਈ ਕਰ ਲੈ, ਉਹ ਤਾਂ ਲੰਬੀ ਹੈ।''

********

ਇੱਕ ਦਿਨ ਪੱਪੂ ਆਪਣੇ ਦੋਸਤ ਅੱਗੇ ਆਪਣੇ ਕੁੱਤੇ ਦੀਆਂ ਤਰੀਫ਼ਾਂ ਕਰਦੇ ਹੋਏ ਬੋਲਿਆ, ''ਤੈਨੂੰ ਪਤਾ ਹੈ ਕਿ ਮੇਰਾ ਕੁੱਤਾ ਰੋਜ਼ ਮੈਨੂੰ ਅਖ਼ਬਾਰ ਲਿਆ ਕੇ ਦਿੰਦਾ ਹੈ।''

ਦੋਸਤ, ''ਇਸ ਵਿੱਚ ਕਿਹੜੀ ਨਵੀਂ ਗੱਲ ਹੈ?''

ਪੱਪੂ, ''ਨਵੀਂ ਗੱਲ ਇਹ ਹੈ ਕਿ ਮੇਰਾ ਕੁੱਤਾ ਗੁਆਂਢੀ ਦੇ ਘਰ ਦਾ ਅਖ਼ਬਾਰ ਲਿਆ ਕੇ ਦਿੰਦਾ ਹੈ।''

# ਭ੍ਰਿਸ਼ਟਾਚਾਰ ਦਾ ਖਾਤਮਾ ਕਰਨ ਦੀਆਂ ਗੱਲਾਂ ਚੰਗੀਆਂ, ਪਰ ਕੀਤਾ ਜਾਣਾ ਏਨਾ ਸੌਖਾ ਨਹੀਂ



ਜਤਿੰਦਰ ਪੰਨੂ

ਭ੍ਰਿਸ਼ਟਾਚਾਰ ਨੂੰ ਜੜ੍ਹ ਤੋਂ ਖਤਮ ਕਰਨ ਦਾ ਮੁੱਦਾ ਇਸ ਵਕਤ ਪੰਜਾਬ ਵਿੱਚ ਭਖਿਆ ਪਿਆ ਹੈ। ਇਸ ਕਾਰਨ ਸਾਰੇ ਭਾਰਤ ਦੇ ਲੋਕ ਵਾਲ-ਵਾਲ ਦੁਖੀ ਹਨ ਅਤੇ ਇਸ ਆਸ ਨਾਲ ਹਰ ਨਵੀਂ ਸਰਕਾਰ ਵੱਲ ਵੇਖਦੇ ਹਨ ਕਿ ਸ਼ਾਇਦ ਇਹ ਹੀ ਇਸ ਤੋਂ ਖਹਿੜਾ ਛੁਡਾ ਦੇਵੇਗੀ। ਅੱਜਕੱਲ੍ਹ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਭਗਵੰਤ ਮਾਨ ਦੀ ਸਰਕਾਰ ਹੈ ਅਤੇ ਉਹ ਦਾਅਵਾ ਕਰਦਾ ਹੈ ਕਿ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖਤਮ ਕਰਨ ਤੱਕ ਜਾਵੇਗਾ। ਉਸ ਦੀ ਇੱਕ ਪੁਰਾਣੀ ਕੈਸੇਟ ਕੁਝ ਲੋਕਾਂ ਕੋਲ ਪਈ ਹੈ, ਜਿਨ੍ਹਾਂ ਵਿੱਚੋਂ ਇੱਕ ਅਸੀਂ ਵੀ ਹਾਂ। ਸੀ ਡੀਜ਼ ਦਾ ਜ਼ਮਾਨਾ ਸ਼ੁਰੂ ਹੋਣ ਤੋਂ ਪਹਿਲਾਂ ਵਾਲੀ ਉਸ ਕੈਸੇਟ ਵਿੱਚ ਭਗਵੰਤ ਮਾਨ ਖੁਦ ਕਹਿੰਦਾ ਹੈ ਕਿ ਧਰਮਰਾਜ ਨੇ ਕਿਹਾ ਸੀ ਕਿ ਬਾਕੀ ਸਭ ਦੇਸ਼ਾਂ ਵਿੱਚ ਭ੍ਰਿਸ਼ਟਾਚਾਰ ਖਤਮ ਕਰਨ ਲਈ ਐਨੇ-ਐਨੇ ਸਾਲ ਲੱਗਣਗੇ, ਪਰ ਭਾਰਤ ਦਾਭ੍ਰਿਸ਼ਟਾਚਾਰ ਮੇਰੇ ਜਿਉਂਦੇ ਜੀਅ ਵੀ ਨਹੀਂ ਹਟਣਾ। ਜਿਸ ਭਾਰਤ ਬਾਰੇ ਭਗਵੰਤ ਮਾਨ ਨੇ ਇਹ ਗੱਲ ਕਈ ਸਾਲ ਪਹਿਲਾਂ ਕਹੀ, ਉਸੇ ਭਾਰਤ ਦੇ ਇੱਕ ਰਾਜ ਪੰਜਾਬ ਦਾ ਮੁੱਖ ਮੰਤਰੀ ਬਣ ਕੇ ਉਹ ਭ੍ਰਿਸ਼ਟਾਚਾਰ ਖਤਮ ਕਰਨ ਦਾ ਦਾਅਵਾ ਕਰੀ ਜਾਂਦਾ ਹੈ, ਜਿਸ ਦੀ ਸਫਲਤਾਦੀ ਕਾਮਨਾ ਹੀ ਕੀਤੀ ਜਾ ਸਕਦੀ ਹੈ। ਪੰਜਾਬ ਦਾ ਕੌਣ ਵਿਅਕਤੀ ਹੋਵੇਗਾ, ਜਿਹੜਾ ਭ੍ਰਿਸ਼ਟਾਚਾਰ ਤੋਂ ਖਹਿੜਾ ਛੁੱਟਿਆ ਨਹੀਂ ਚਾਹੁੰਦਾ, ਪਰ ਹਕੀਕਤਾਂ ਕਹਿ ਰਹੀਆਂ ਹਨ ਕਿ ਢਾਂਚਾ ਏਨਾ ਵਿਗੜ ਚੁੱਕਾ ਹੈ ਕਿ ਇਸ ਨੂੰ ਜੇ ਕੋਈ ਸਿੱਧੀ ਲੀਹ ਉੱਤੇ ਪਾਉਣਾ ਚਾਹੇ ਤਾਂ ਉਸ ਆਗੂ ਨੂੰ ਇਹ ਢਾਂਚਾ ਆਪਣੀ ਲੀਹੇ ਪਾਉਣ ਦੀਆਂ ਤਿਕੜਮਾਂ ਲੜਾਉਣ ਲੱਗ ਜਾਂਦਾ ਹੈ ਤੇ ਬਹੁਤੀ ਵਾਰੀ ਕਾਮਯਾਬ ਹੋ ਜਾਂਦਾ ਹੈ।

ਪੰਜਾਬ ਦੇ ਲੋਕਾਂ ਨੇ ਗੱਪਾਂ ਬਹੁਤ ਸੁਣੀਆਂ ਹੋਣ ਕਰ ਕੇ ਜਦੋਂ ਉਨ੍ਹਾਂ ਦਾ ਚੁਣਿ-ਆ ਨਵਾਂ ਮੁੱਖ ਮੰਤਰੀ ਇਹ ਕਹਿੰਦਾ ਹੈ ਕਿ ਭ੍ਰਿਸ਼ਟਾਚਾਰ ਹਟਾ ਦੇਵਾਂਗਾ ਤਾਂ ਉਹ ਹੱਸ ਪੈਂਦੇ ਹਨ ਕਿ ਇਹੀ ਗੱਲ ਪ੍ਰਕਾਸ਼ ਸਿੰਘ ਬਾਦਲ ਨੇ ਪੰਝੀ ਸਾਲ ਪਹਿਲਾਂ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਵੀਹ ਸਾਲ ਪਹਿਲਾਂ ਕਹੀ ਸੀ ਅਤੇ ਅਸੀਂ ਯਕੀਨ ਕਰ ਬੈਠੇ ਸਾਂ। ਲੋਕਾਂ ਦਾ ਉਸ ਵੇਲੇ ਕੀਤਾ ਗਿਆ ਯਕੀਨ ਜਿਸ ਤਰ੍ਹਾਂ ਬਾਅਦ ਵਿੱਚ ਟੁੱਟਦਾ ਵੇਖਿਆ ਗਿਆ, ਉਸ ਤੋਂ ਬਾਅਦ ਉਹ ਆਸ ਨਾਲ ਵੋਟਾਂ ਪਾ ਚੁੱਕੇ ਹਨ, ਪਰ ਅਜੇ ਵੀ ਉਨ੍ਹਾਂ ਦਾ ਯਕੀਨ ਨਹੀਂ ਬੱਝਦਾ ਕਿ ਏਦਾਂ ਹੋ ਸਕਦਾ ਹੈ। ਹਿੰਦੀ ਦੇ ਵਿਅੰਗਕਾਰ ਸੁਰਿੰਦਰ ਸ਼ਰਮਾ ਨੇ ਇੱਕ ਵਾਰ ਲਿਖਿਆ ਸੀ ਕਿ ਕੁਰੱਪਸ਼ਨ ਵੀ ਕੁਰੱਪਟ ਹੋ ਗਈ ਹੈ ਤਾਂ ਕਿਸੇ ਨੇ ਜਦੋਂ ਇਸ ਦੀ ਵਿਆਖਿਆ ਮੰਗੀ ਤਾਂ ਉਸ ਨੇ ਕਿਹਾ ਸੀ ਕਿ ਕੀੜੇ ਮਾਰਨ ਦੀ ਦਵਾਈ ਲਿਆਂਦੀ ਸੀ, ਉਸ ਵਿੱਚ ਵੀ ਕੀੜੇ ਪੈ ਗਏ ਹਨ। ਪੰਜਾਬ ਵਿੱਚ ਕੀੜੇ ਮਾਰਨ ਦੀ ਦਵਾਈ ਵਰਗੇ ਜਿਹੜੇ ਵਿਭਾਗ ਭ੍ਰਿਸ਼ਟਾਚਾਰ ਰੋਕਣ ਲਈ ਬਣਾਏ ਤੇ ਜਿਨ੍ਹਾਂ ਤੋਂ ਇਹ ਕੰਮ ਕਰਨ ਦੀ ਆਸ ਕੀਤੀ ਜਾ ਰਹੀ ਸੀ, ਉਨ੍ਹਾਂ ਦੇ ਅਫਸਰਾਂ ਉੱਤੇ ਵੀ ਏਹੋ ਜਿਹੇ ਦੋਸ਼ ਲੱਗੀ ਜਾਂਦੇ ਹਨ। ਉਹ ਦੋਸ਼ ਸੱਚੇ ਹਨ ਜਾਂ ਝੂਠੇ, ਪੰਜਾਬ ਦੇ ਲੋਕ ਨਹੀਂ ਜਾਣਦੇ, ਪਰ ਇਹ ਜਾਣਦੇ ਹਨ ਕਿ ਅੱਜ ਤੱਕ ਕਿਸੇ ਵੱਡੇ ਬੰਦੇ ਨੂੰ ਇਸ ਰਾਜ ਵਿੱਚ ਏਦਾਂ ਦੇ ਜੁਰਮ ਦੀ ਕਦੀ ਸਜ਼ਾ ਨਹੀਂ ਹੋਈ। ਜਥੇਦਾਰ ਤੋਤਾ ਸਿੰਘ ਵੱਡੇ ਦੋਸ਼ਾਂ ਤੋਂ ਛੁੱਟ ਗਿਆ ਤੇ ਸਰਕਾਰੀ ਕਾਰ ਦੀ ਦੁਰਵਰਤੋਂ ਦੇ ਮਾਮੂਲੀ ਜਿਹੇ ਦੋਸ਼ ਵਿੱਚ ਉਸ ਨੂੰ ਸਜ਼ਾ ਹੋ ਗਈ ਸੀ, ਭਾਵੇਂ ਬਾਅਦ ਵਿੱਚ ਉਹ ਉਸ ਸਜ਼ਾ ਤੋਂ ਵੀ ਬਰੀ ਹੋ ਗਿਆ ਸੀ।

ਅੱਜ ਤੱਕ ਦਾ ਰਿਕਾਰਡ ਹੈ ਕਿ ਪੰਜਾਬ ਦੇ ਤਿੰਨ ਸਾਬਕਾ ਮੁੱਖ ਮੰਤਰੀਆਂ ਉੱਤੇ ਭ੍ਰਿਸ਼ਟਾਚਾਰ ਕਰਨ ਦੇ ਕੇਸ ਬਣੇ ਸਨ ਅਤੇ ਉਹ ਤਿੰਨੇ ਹੀ ਕਾਨੂੰਨ ਨੂੰ ਝਕਾਨੀ ਦੇ ਗਏ ਸਨ। ਇਸ ਵੇਲੇ ਜਿਨ੍ਹਾਂ ਉੱਤੇ ਕਾਰਵਾਈ ਕਰਨ ਦੀ ਗੱਲ ਸੁਣਨ ਨੂੰ ਮਿਲਦੀ ਹੈ, ਉਹ ਵੀ ਸਮਾਂ ਪਾ ਕੇ ਨਿਕਲ ਸਕਦੇ ਹਨ। ਜਿਹੜੇ ਵੀ ਸਾਬਕਾ ਮੰਤਰੀ ਜਾਂ ਮੁੱਖ ਮੰਤਰੀ ਉੱਤੇ ਏਦਾਂ ਦਾ ਕੇਸ ਬਣਨ ਲੱਗਦਾ ਹੈ, ਉਸ ਦੀ ਸਭ ਤੋਂ ਮਜ਼ਬੂਤ ਦਲੀਲ ਇਹ ਹੁੰਦੀ ਹੈ ਕਿ ਨੜਿਨਵੇਂ ਫੀਸਦੀ ਕੰਮ ਅਫਸਰਾਂ ਨੇ ਕਰ ਲਿਆ ਤੇ ਉਸ ਦੀ ਆਖਰੀ ਮਨਜ਼ੂਰੀ ਮੰਤਰੀ ਹੁੰਦਿਆਂ ਉਸ ਨੇ ਓਦੋਂ ਦਿੱਤੀ, ਜਦੋਂ ਕੋਈ ਸ਼ੱਕ ਨਹੀਂ ਸੀ ਰਿਹਾ, ਇਸ ਦੇ ਬਾਅਦ ਵੀ ਜੇ ਕੋਈ ਭ੍ਰਿਸ਼ਟਾਚਾਰ ਹੋਇਆ ਹੈ ਤਾਂ ਫਾਈਲ ਤੋਰਨ ਵਾਲੇ ਅਫਸਰਾਂ ਨੇ ਕੀਤਾ ਹੋਵੇਗਾ। ਲੋਕ ਇਹਕਹਿੰਦੇ ਹਨ ਕਿ ਪੰਜਾਬ ਵਿੱਚ ਕਿਸੇ ਲੀਡਰ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਸਜ਼ਾ ਨਹੀਂ ਹੁੰਦੀ, ਪਰ ਨਾਲ ਦੇ ਹਰਿਆਣੇ ਵਿੱਚ ਚਾਰ ਵਾਰੀ ਮੁੱਖ ਮੰਤਰੀ ਦਾ ਅਹੁਦਾ ਮਾਣਨ ਪਿੱਛੋਂ ਓਮ ਪ੍ਰਕਾਸ਼ ਚੌਟਾਲਾ ਨੂੰ ਸਜ਼ਾ ਹੋ ਗਈ ਸੀ। ਬਿਹਾਰ ਦੇ ਦੋ ਮੁੱਖ ਮੰਤਰੀਆਂ ਲਾਲੂ ਪ੍ਰਸਾਦ ਯਾਦਵ ਅਤੇ ਜਗਨ ਨਾਥ ਮਿਸ਼ਰਾ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਸਜ਼ਾ ਹੋ ਗਈ ਸੀ ਤੇ ਤਾਮਿਲ ਨਾਡੂ ਦੀ ਮੁੱਖ ਮੰਤਰੀ ਜੈਲਲਿਤਾ ਨੂੰ ਵੀ ਸਜ਼ਾ ਹੋ ਗਈ ਸੀ। ਉਹ ਲੋਕ ਚੇਤੇ ਨਹੀਂ ਰੱਖਦੇ ਕਿ ਕਰਨਾਟਕ ਵਿੱਚ ਮੁੱਖ ਮੰਤਰੀ ਰਹਿ ਚੁੱਕੇ ਯੇਦੀਯੁਰੱਪਾ ਵਰਗੇ ਕਈ ਹੋਰ ਵੀ ਇਨ੍ਹਾਂ ਦੋਸ਼ਾਂ ਦੀ ਸਜ਼ਾ ਤੋਂ ਬਚ ਨਿਕਲੇ ਸਨ। ਲੋਕ ਜਾਣਨਾ ਚਾਹੁੰਦੇ ਹਨ ਕਿ ਜਦੋਂ ਹੋਰ ਰਾਜਾਂ ਵਿੱਚ ਲੀਡਰਾਂ ਨੂੰ ਸਜ਼ਾ ਹੋ ਜਾਂਦੀ ਹੈ ਤਾਂ ਪੰਜਾਬ ਵਾਲਿਆਂ ਦਾ ਬਚਾਅ ਕਿਸ ਤਰ੍ਹਾਂ ਹੋ ਜਾਂਦਾ ਹੈ?

ਇਸ ਦੀ ਕੋਈ ਖਾਸ ਗੁੰਝਲ ਨਹੀਂ। ਸਾਬਕਾ ਮੁੱਖ ਮੰਤਰੀਆਂ ਨੂੰ ਸਜ਼ਾਵਾਂ ਓਥੇ ਹੋ ਗਈਆਂ ਹਨ, ਜਿੱਥੇ ਨਵੇਂ ਆਏ ਮੁੱਖ ਮੰਤਰੀਆਂ ਦਾ ਪੁਰਾਣੇ ਮੁੱਖ ਮੰਤਰੀਆਂ ਨਾਲ ਅੰਦਰਖਾਤੇ ਸਮਝੌਤਾ ਨਹੀਂ ਸੀ ਹੋਇਆ ਤੇ ਅਫਸਰਸ਼ਾਹੀ ਵੀ ਕਾਨੂੰਨਾਂ ਦੀ ਵਲਗਣ ਤੋੜ ਕੇ ਮਨ-ਆਈ ਕਰਨ ਦੀ ਜੁਰਅੱਤ ਕਰਨਵਾਲੀ ਨਹੀਂ ਸੀ। ਪੰਜਾਬ ਉਨ੍ਹਾਂ ਵਰਗਾ ਨਹੀਂ। ਏਥੇ ਸਾਬਕਾ ਅਤੇ ਮੌਜੂਦਾ ਹਾਕਮਾਂ ਦਾ ਮਿਲ ਜਾਣਾ ਰਾਜਨੀਤੀ ਦਾ ਮਾਮੂਲੀ ਨੁਸਖਾ ਹੈ, ਜਿਹੜਾ ਦੋਵਾਂ ਧਿਰਾਂ ਨੂੰ ਫਿੱਟ ਬੈਠਦਾ ਹੈ।ਇਸ ਦੇ ਨਾਲ ਪੰਜਾਬ ਵਿੱਚ ਅਫਸਰਸ਼ਾਹੀ ਬਹੁਤਾ ਕਰ ਕੇ ਹਰ ਕਿਸੇ ਨਾਲ ਮਿਲ ਕੇ ਚੱਲਣ ਵਾਲੀ ਹੈ, ਛਕਣ-ਛਕਾਉਣ ਵਿੱਚ ਕਿਸੇ ਅੱਗੇ ਅੜਿੱਕਾ ਨਹੀਂ ਬਣਦੀ, ਹਰ ਕਿਸੇ ਨਾਲ ਘਰ ਦੇ ਜੀਆਂ ਵਾਂਗ ਸਾਂਝ ਨਿਭਾ ਕੇ ਚੱਲਣ ਦੀ ਆਦੀ ਹੋ ਚੁੱਕੀ ਹੈ ਅਤੇ ਜਦੋਂ ਕਿਸੇ ਉੱਤੇ ਕੋਈ ਕੇਸ ਬਣ ਜਾਵੇ, ਓਦੋਂ ਵੀ ਪੂਰਾ ਸਾਥ ਨਿਭਾਉਂਦੀ ਹੈ। ਇੱਕ ਪਾਸੇ ਉਹ ਕੇਸ ਦਾਇਰ ਕਰਨ ਵਾਲੀ ਧਿਰ ਨੂੰ ਖੁਦ ਪਹੁੰਚ ਕਰ ਕੇ ਪੇਸ਼ਕਸ਼ ਕਰਦੀ ਹੈ ਕਿ ਇਹ ਕੇਸ ਕਿਸੇ ਹੋਰ ਤੋਂ ਸਿਰੇ ਨਹੀਂ ਲੱਗਣਾ, ਸਿਰਫ ਦਾਸ ਹੀ ਸਿਰੇ ਲਾ ਸਕਦਾ ਹੈ, ਇਸ ਲਈ ਇਹ ਸੇਵਾ ਦਾਸ ਨੂੰ ਦੇ ਦਿਉ ਤੇ ਦੂਸਰੇ ਪਾਸੇ ਜਾਂਚ-ਪੜਤਾਲ ਦੀ ਹਰ ਗੁੰਝਲ ਨਾਲ ਦੀ ਨਾਲ ਦੂਸਰੀ ਧਿਰ ਨੂੰ ਦੱਸਣ ਦਾ ਕੰਮ ਕਰਦੀ ਜਾਂਦੀ ਹੈ। ਅੱਵਲ ਤਾਂ ਕੇਸ ਅਦਾਲਤ ਤੱਕ ਨਹੀਂ ਪਹੁੰਚਦੇ ਤੇ ਜੇ ਪਹੁੰਚ ਵੀ ਜਾਣ ਤਾਂ ਓਥੇ ਜਾ ਕੇ ਸੀਨੀਅਰ ਅਫਸਰ ਆਪਣੇ ਦਸਖਤਾਂ ਅਤੇ ਪਹਿਲਾਂ ਖੁਦ ਲਿਖਾਏ ਬਿਆਨਾਂ ਤੋਂ ਮੁੱਕਰ ਜਾਂਦੇ ਹਨ ਅਤੇ ਪੈਰਾਂ ਉੱਤੇ ਪਾਣੀ ਨਹੀਂ ਪੈਣ ਦੇਂਦੇ ਹੁੰਦੇ। ਨਤੀਜੇ ਵਜੋਂ ਕਾਨੂੰਨ ਵਿਚਾਰਾ ਠਿੱਠ ਜਿਹਾ ਹੋ ਕੇ ਰਹਿ ਜਾਂਦਾ ਹੈ।

ਪੰਜਾਬ ਦੀ ਨਵੀਂ ਸਰਕਾਰ ਬਣਨ ਦੇ ਬਾਅਦ ਬਹੁਤ ਸਾਰੇ ਕੇਸ ਅੱਗੜ-ਪਿੱਛੜ ਬਾਹਰ ਨਿਕਲੇ ਹਨ ਤੇ ਹਰ ਕੇਸ ਪਹਿਲੇ ਕੇਸਾਂ ਦਾ ਬਾਪ ਜਾਪਦਾ ਹੈ। ਮੰਤਰੀ ਫੜੇ ਜਾ ਰਹੇ ਹਨ, ਸਾਬਕਾ ਮੁੱਖ ਮੰਤਰੀਆਂ ਦੀਆਂ ਫਾਈਲਾਂ ਬਣਦੀਆਂ ਸੁਣਨ ਨੂੰ ਮਿਲਦੀਆਂ ਹਨ। ਏਦਾਂ ਜਾਪਦਾ ਹੈ ਕਿ ਅਗਲੇ ਦਿਨਾਂ ਵਿੱਚ ਇਹ ਸਾਰੇ ਲੋਕ ਜੇਲ੍ਹ ਵਿੱਚ ਹੋਣਗੇ, ਪਰ ਉਹ ਹਿੱਕ ਉੱਤੇ ਹੱਥ ਮਾਰ ਕੇ ਕਹੀ ਜਾ ਰਹੇ ਹਨ ਕਿ ਫਾਈਲਾਂ ਸਾਰੀਆਂ ਅਫਸਰਾਂ ਨੇ ਬਣਾਈਆਂ ਸੀ, ਅਸੀਂ ਤਾਂ ਓਦੋਂ ਦਸਖਤ ਕੀਤੇ ਸਨ, ਜਦੋਂ ਪੂਰੀ ਫਾਈਲ ਤਿਆਰ ਹੋ ਚੁੱਕੀ ਸੀ। ਸਰਕਾਰੀ ਕਾਰ-ਵਿਹਾਰ ਵਿੱਚ ਸਾਰਾ ਕੰਮ ਜਦੋਂ ਅਫਸਰਾਂ ਨੇ ਕਰਨਾ ਤੇ ਅੰਤ ਵਿੱਚਮੰਤਰੀ ਨੇ ਸਿਰਫ ਮਨਜ਼ੂਰੀ ਦੇਣੀ ਜਾਂ ਨਾਂਹ ਕਰਨੀ ਹੁੰਦੀ ਹੈ ਤਾਂ ਉਹ ਦਲੀਲ ਹੀ ਇਹੋ ਵਰਤਦੇ ਹਨ ਕਿ ਜਿਨ੍ਹਾਂ ਦੀ ਜ਼ਿੰਮੇਵਾਰੀ ਸੀ, ਉਨ੍ਹਾਂ ਅਫਸਰਾਂ ਦੇ ਗਲ਼ ਰੱਸੀ ਪਾ ਲਵੋ, ਅਸੀਂ ਤਾਂ ਉਨ੍ਹਾਂ ਦੇ ਪਾਸ ਕੀਤੇ ਹੋਏ ਕੰਮਾਂ ਦਾ ਭਰੋਸਾ ਕਰਨ ਦੇ ਬਾਅਦ ਸਿਰਫ ਪ੍ਰਵਾਨਗੀ ਦੇਣ ਦਾ ਸੰਵਿਧਾਨਕ ਫਰਜ਼ ਨਿਭਾਇਆ ਹੈ। ਅਫਸਰਸ਼ਾਹੀ ਕਿਸੇ ਨੂੰ ਵੀ ਘੇਰਨ ਜਾਂ ਛੱਡਣ ਦਾ ਕੰਮ ਕਰ ਸਕਦੀ ਹੈ, ਪਰ ਆਪਣੇ ਕਿਸੇ ਅਫਸਰ ਭਾਈਬੰਦ ਦੇ ਖਿਲਾਫ ਕੋਈ ਕਾਰਵਾਈ ਹੁੰਦੀ ਵੇਖੇ ਤਾਂ ਇਹ ਸੋਚ ਉੱਥੇ ਭਾਰੂ ਹੋ ਜਾਂਦੀ ਹੈ ਕਿ ਇਸ ਨਾਲ ਸਮੁੱਚੀ ਸਰਵਿਸ ਦੀ ਬਦਨਾਮੀ ਹੋਵੇਗੀ ਤੇ ਜੇ ਅੱਜ ਇਹ ਫਸਿਆ ਹੈ ਤਾਂ ਕੱਲ੍ਹ ਨੂੰ ਇਸ ਕੇਸ ਦੀ ਮਨਜ਼ੂਰੀ ਦੇਣ ਵਾਲਾ ਵੀ ਫਸਾਇਆ ਜਾ ਸਕਦਾ ਹੈ, ਇਸ ਲਈ ਇਹ ਗੱਲ ਅੱਗੇ ਨਾ ਵਧਣ ਦਿਓ।

ਨਤੀਜਾ ਫਿਰ ਇਹੀ ਨਿਕਲਦਾ ਹੈ ਕਿ ਜੈਕ ਉੱਤੇ ਖੜੀ ਗੱਡੀ ਦੇ ਗੇਅਰ ਜਿੰਨੇ ਮਰਜ਼ੀ ਬਦਲਦੇ ਜਾਓ ਅਤੇ ਰੇਸ ਜਿੰਨੀ ਮਰਜ਼ੀ ਦੇਈ ਜਾਓ, ਮੀਟਰ ਉੱਤੇ ਸਪੀਡ ਜ਼ੀਰੋ ਤੋਂ ਦੋ ਸੌ ਕਿਲੋਮੀਟਰ ਪ੍ਰਤੀ ਘੰਟਾ ਦਿਖਾਈ ਦੇ ਸਕਦੀ ਹੈ, ਪਰ ਅਮਲ ਵਿੱਚ ਗੱਡੀ ਪਹਿਲਾਂ ਵਾਲੀ ਥਾਂ ਖੜੀ ਰਹਿੰਦੀ ਹੈ। ਪੰਜਾਬ ਦੀ ਨਵੀਂ ਸਰਕਾਰ ਨੂੰ ਵੀ ਏਸੇ ਤਰ੍ਹਾਂ ਕਿਸੇ ਜੈਕ ਉੱਤੇ ਖੜੀ ਗੱਡੀ ਵਾਂਗ ਸਪੀਡ ਉੱਤੇ ਭੱਜਦਾ ਵਿਖਾਉਣ ਦੇ ਯਤਨ ਸ਼ੁਰੂ ਹੋ ਗਏ ਹਨ। ਪੰਜਾਬੀ ਦਾ ਮੁਹਾਵਰਾ ਹੈ ਕਿ ਪਿੰਡ ਅਜੇ ਬੱਝਾ ਨਹੀਂ ਤੇ ਉਚੱਕੇ ਪਹਿਲਾਂ ਆਣ ਪਹੁੰਚੇ ਹਨ। ਭ੍ਰਿਸ਼ਟਾਚਾਰ ਕਰਨ ਵਾਲੀਆਂ ਧਾੜਾਂ ਨਵੀਂ ਪੰਜਾਬ ਸਰਕਾਰ ਅੰਦਰ ਵੀ ਬੜੀ ਤੇਜ਼ੀ ਨਾਲ ਵੜ ਜਾਣ ਦੇ ਜੁਗਾੜ ਵਿੱਚ ਹਨ। ਲੋਕ ਅਜੇ ਤੱਕ ਆਸ ਕਰਦੇ ਹਨ ਕਿ ਇਹ ਸਰਕਾਰ ਭ੍ਰਿਸ਼ਟਾਚਾਰ ਦੇ ਗੰਦੇ ਵਹਿਣ ਤੋਂ ਉਨ੍ਹਾਂ ਦਾ ਖਹਿੜਾ ਛੁਡਾਏਗੀ, ਪਰ ਛੁਡਾ ਵੀ ਸਕੇਗੀ ਜਾਂ ਭਗਵੰਤ ਮਾਨ ਦੀ ਕੈਸੇਟ ਯਾਦ ਕਰਵਾਏਗੀ ਕਿ ਜਦੋਂ ਤੱਕ ਧਰਮਰਾਜ ਜਿੰਦਾ ਹੈ, ਭ੍ਰਿਸ਼ਟਾਚਾਰ ਨਹੀਂ ਹਟ ਸਕਣਾ, ਇਹ ਗੱਲ ਅਗਲਾ ਸਮਾਂ ਦੱਸੇਗਾ।




## ਹਾਈ ਕੋਰਟ ਨੇ ਕਿਹਾ: ਪੰਜਾਬ ਸਰਕਾਰ ਠੇਕੇ ਬੇਸ਼ੱਕ ਅਲਾਟਮੈਂਟ ਕਰ ਲਵੇ, ਅਦਾਲਤੀ ਫ਼ੈਸਲੇ ਉੱਤੇ ਨਿਰਭਰ ਕਰਨਗੇ

ਚੰਡੀਗੜ੍ਹ, 30 ਜੂਨ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਦੀ ਐਕਸਾਈਜ਼ ਪਾਲਿਸੀ ਨੂੰ ਕਾਨੂੰਨ ਦੇ ਖ਼ਿਲਾਫ਼ ਦੱਸ ਕੇ ਪੇਸ਼ ਹੋਈਆਂ ਪਟੀਸ਼ਨਾਂਦੀ ਸੁਣਵਾਈ ਦੌਰਾਨ ਸਾਫ ਕਰ ਦਿੱਤਾ ਹੈ ਕਿ ਨਵੀਂ ਐਕਸਾਈਜ਼ ਪਾਲਿਸੀ ਦੇ ਤਹਿਤ ਬੇਸ਼ੱਕ ਸਰਕਾਰ ਨਵੇਂ ਠੇਕਿਆਂ ਦੀ ਅਲਾਟਮੈਂਟ ਕਰ ਦੇਵੇ, ਪਰ ਉਹ ਅਲਾਟਮੈਂਟ ਇਸ ਬਾਰੇ ਹਾਈ ਕੋਰਟ ਵੱਲੋਂ ਇਨ੍ਹਾਂ ਪਟੀਸ਼ਨਾਂ ਉੱਤੇ ਆਉਣ ਵਾਲੇ ਫੈਸਲੇ ਉੱਤੇ ਨਿਰਭਰ ਕਰੇਗੀ।

ਜਸਟਿਸ ਮਹਾਬੀਰ ਸਿੰਘ ਅਤੇ ਜਸਟਿਸ ਵਿਕਾਸ ਸੂਰੀ ਉੱਤੇ ਆਧਾਰਤ ਬੈਂਚ ਨੇ ਪੰਜਾਬ ਸਰਕਾਰ ਨੂੰ ਕਿਹਾ ਕਿ ਕਿਉਂ ਨਾ ਐਕਸਾਈਜ਼ ਪਾਲਿਸੀ ਉੱਤੇ ਪੂਰਨ ਰੋਕ ਲਾ ਦਿੱਤੀ ਜਾਵੇ? ਕੋਰਟ ਨੇ ਕਿਹਾ ਕਿ ਐਕਸਾਈਜ਼ ਪਾਲਿਸੀ ਸ਼ਰਾਬ ਕੰਪਨੀ ਦੇ ਏਕਾਧਿਕਾਰ ਜਾਂ ਕਿਸੇ ਵਿਸ਼ੇਸ਼ ਸ਼ਰਾਬ ਕੰਪਨੀ ਨੂੰ ਲਾਭ ਦੇਣ ਦੇ ਮਕਸਦ ਨਾਲ ਬਣਾਈ ਲੱਗਦੀ ਹੈ, ਜਿਸ ਵਿੱਚ ਛੋਟੇ ਸ਼ਰਾਬ




ਕਾਰੋਬਾਰੀਆਂ ਨੂੰ ਬਾਹਰ ਕਰਨ ਦੀ ਸੋਚ ਦਿੱਸਦੀ ਹੈ। ਕੋਰਟ ਨੇ ਕਿਹਾ ਕਿ ਪਾਲਿਸੀ ਵਿੱਚ ਦਿੱਸ ਰਿਹਾ ਹੈ ਕਿ ਹੋਲਸੇਲਰਜ਼ ਅਤੇ ਰਿਟੇਲਰਜ਼ ਵਿਚਕਾਰ ਵੱਡਾ ਫਰਕ ਪੈਦਾ ਹੈ, ਜੋ ਨਹੀਂ ਹੋਣਾ ਚਾਹੀਦਾ।

ਇਸ ਪਟੀਸ਼ਨ ਵਿੱਚ ਆਕਾਸ਼ ਇੰਟਰਪ੍ਰਾਈਜਜ਼ ਨੇ ਦੱਸਿਆ ਹੈ ਕਿ ਸਾਲ 2020 ਤੇ 21 ਦੀ ਐਕਸਾਈਜ਼ ਪਾਲਿਸੀ ਵਿੱਚ ਸਰਕਾਰ ਨੇ 6158 ਕਰੋੜ ਦੀ ਆਮਦਨ ਦਾ ਟੀਚਾ ਰੱਖਿਆ ਸੀ, ਪਰ ਇਸ ਸਾਲ ਇਹ 9647 ਕਰੋੜ ਤੋਂ ਵੀ ਵੱਧ ਹੈ ਅਤੇ ਇਸ ਪਾਲਿਸੀ ਵਿੱਚ ਬਹੁਤ ਗੜਬੜੀ ਹੈ, ਜਿਸ ਵਿੱਚ ਸੁਧਾਰ ਦੀ ਲੋੜ ਹੈ।

## ਕੇਬਲ ਅਪਰੇਟਰਾਂ ਨੇ ਪੰਜਾਬ ਸਰਕਾਰ ਨੂੰ 7.21 ਕਰੋੜ ਦਾ ਚੂਨਾ ਲਾ ਛੱਡਿਆ

ਚੰਡੀਗੜ੍ਹ, 30 ਜੂਨ (ਪੋਸਟ ਬਿਊਰੋ)- ਅਕਾਲੀ-ਭਾਜਪਾ ਅਤੇ ਕਾਂਗਰਸ ਦੀ ਸਰਕਾਰ ਦੌਰਾਨ ਕੇਬਲ ਅਪਰੇਟਰਾਂ ਨੇ ਪੰਜਾਬ ਪਾਵਰਕਾਮ ਨੂੰ 7.21 ਕਰੋੜ ਰੁਪਏ ਦਾ ਘਾਟਾ ਪਾਇਆ ਹੋਇਆ ਸੀ। ਇਸ ਬਾਰੇ ਸਾਰਾ ਖੁਲਾਸਾ ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਦੀ ਰਿਪੋਰਟ ਨਾਲ ਹੋਇਆ ਹੈ।

ਪਤਾ ਲੱਗਾ ਹੈ ਕਿ ਇੱਕ ਕੰਪਨੀ ਨੇ ਬਿਜਲੀ ਦੇ ਕੰਮ ਲਈ ਬਿਜਲੀ ਦੇ ਖੰਬੇ ਕਿਰਾਏ ਉੱਤੇ ਲਏ ਸਨ। ਕੰਪਨੀ ਨੇ 1,21,25 ਖੰਬਿਆਂ ਬਾਰੇ 150 ਰੁਪਏ ਪ੍ਰਤੀ ਖੰਬਾ ਪ੍ਰਤੀ ਵਰ੍ਹਾ ਦਾ ਸਮਝੌਤਾ ਕੀਤਾ ਹੈ। ਇਸ ਪਿੱਛੋਂ ਕੰਪਨੀ 2,74,098 ਖੰਬਿਆਂ ਦੀ ਵਰਤੋਂ ਕਰਦੀ ਰਹੀ। ਕੈਗ ਨੇ ਇਸ ਬਾਰੇ ਪੰਜਾਬ ਸਰਕਾਰ ਤੋਂ ਜਵਾਬ ਵੀ ਮੰਗਿਆ, ਪਰ ਸਤੰਬਰ 2021 ਤਕ ਸਰਕਾਰ ਨੇ ਜਵਾਬ ਨਹੀਂ ਦਿੱਤਾ। ਇਸ ਕਾਰਨ ਪਾਵਰਕਾਮ ਨੂੰ 7.21 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।

ਕੇਬਲ ਮਾਫੀਆ ਪਿਛਲੇ ਪੰਜ ਸਾਲਾਂ ਤੋਂ ਪੰਜਾਬ ਦਾ ਸਿਆਸੀ ਮੁੱਦਾ ਬਣਿਆ ਹੋਇਆ ਹੈ। ਕਾਂਗਰਸ ਦੇ ਸਾਬਕਾ ਵਿਧਾਇਕ ਤੇ ਲੋਕਲ ਬਾਡੀਜ਼ ਦੇ



ਸਾਬਕਾਮੰਤਰੀ ਨਵਜੋਤ ਸਿੱਧੂ ਨੇ ਵਿਧਾਨ ਸਭਾ ਵਿੱਚ ਅਕਾਲੀ ਦਲ ਨੂੰ ਹੀ ਨਹੀਂ, ਸਗੋਂ ਆਪਣੀ ਸਰਕਾਰ ਨੂੰ ਵੀ ਮਾਫੀਆ ਦੇ ਮੁੱਦੇ ਉੱਤੇ ਘੇਰਿਆ ਸੀ। ਵਿਰੋਧੀ ਧਿਰ ਵਿੱਚ ਰਹਿੰਦਿਆਂ ਆਮ ਆਦਮੀ ਪਾਰਟੀ ਵੀ ਇਹ ਮੁੱਦਾ ਚੁੱਕਦੀ ਰਹੀ। ਕੱਲ੍ਹ ਵਿਧਾਨ ਸਭਾ ਵਿੱਚ ਪੇਸ਼ ਕੀਤੀ ਕੈਗ ਦੀ ਰਿਪੋਰਟ ਤੋਂਭੇਦ ਖੁੱਲ੍ਹਾ ਕਿ ਕੇਬਲ ਅਪਰੇਟਰਾਂ ਨੇ ਸਰਕਾਰੀ ਵਸੀਲਿਆਂ ਦੀ ਦੁਰਵਰਤੋਂ ਕੀਤੀ ਹੈ। ਰਿਪੋਰਟ ਮੁਤਾਬਕ ਕੰਪਨੀ ਨੇ ਪਾਵਰਕਾਮ ਨਾਲ ਦਸੰਬਰ 2016 ਵਿੱਚ 1.21 ਲੱਖ ਖੰਬਿਆਂ ਦਾ ਸਮਝੌਤਾ ਕੀਤਾ ਸੀ। ਇਸ ਹੇਠ ਜੇ ਕੰਪਨੀ ਤੈਅ ਖੰਬਿਆਂ ਤੋਂ ਪੰਜ ਫੀਸਦੀ ਵੱਧ ਖੰਬਿਆਂ ਦੀ ਵਰਤੋਂ ਕਰਦੀ ਹੈ ਤਾਂ ਉਸ ਕੋਲੋਂ ਸਾਲਾਨਾ ਕਿਰਾਏ ਤੋਂ ਇਲਾਵਾ ਦੁੱਗਣਾ ਜੁਰਮਾਨਾ ਵਸੂਲਿਆ ਜਾਣਾ ਸੀ। ਕੰਪਨੀ ਨੇ ਖੰਬਿਆਂ ਨੂੰ ਸਰਟੀਫਾਈ ਕਰਨ ਲਈ ਸੱਤ ਮਹੀਨੇ ਦਾ ਸਮਾਂ ਲਿਆ, ਪਰ ਬਾਅਦ ਵਿੱਚ 1.21 ਲੱਖ ਦੀ ਥਾਂ 2.74 ਲੱਖ ਖੰਬੇ ਵਰਤਦੀ ਰਹੀ। ਪਾਵਰਕਾਮ ਨੇ ਕੰਪਨੀ ਤੋਂ 2.68 ਕਰੋੜ ਰੁਪਏ ਦਾ ਬਣਦਾ ਜੁਰਮਾਨਾ ਵਸੂਲਣਾ ਸੀ, ਪਰ ਸਰਕਾਰ ਨੇ ਨੋਟਿਸ ਭੇਜ ਕੇ ਦੋ ਸਾਲ ਦਾ ਵਕਤ ਦੇ ਦਿੱਤਾ। ਮਈ 2019 ਵਿੱਚ ਕੰਪਨੀ ਨੇ ਨੋਟਿਸ ਭੇਜਿਆ ਸੀ। ਇਸ ਕਾਰਨ 109 ਕਰੋੜ ਰੁਪਏ ਦੇ ਵਿਆਜ ਦਾ ਨੁਕਸਾਨ ਵੀ ਹੋਇਆ ਹੈ।ਅਪ੍ਰੈਲ 2021 ਵਿੱਚ ਆਡੀਟਰ ਜਨਰਲ ਨੇ ਪੰਜਾਬ ਸਰਕਾਰ ਨੂੰ ਪੱਤਰ ਲਿਖਿਆ ਸੀ, ਪਰ ਸਤੰਬਰ 2021 ਤਕ ਪੰਜਾਬ ਸਰਕਾਰ ਨੇ ਜਵਾਬ ਨਹੀਂ ਦਿੱਤਾ ਸੀ। ਕੈਗ ਨੇ ਪਾਵਰਕਾਮ ਵੱਲੋਂ ਸਾਲਾਂ ਬਾਅਦ ਭੇਜੇ ਨੋਟਿਸ ਦਾ ਹਵਾਲਾ ਦਿੱਤਾ ਹੈ। ਦੱਸ ਦੇਈਏ ਕਿ 2021 ਤੋਂ 2017 ਤਕ ਅਕਾਲੀ ਦਲ ਤੇ ਭਾਜਪਾ ਦੀ ਸਰਕਾਰ ਸੀ ਅਤੇ 2017 ਤੋਂ 2022 ਤਕ ਕਾਂਗਰਸ ਪਾਰਟੀ ਨੇ ਰਾਜ ਕੀਤਾ ਸੀ।

## ਪਾਕਿ ਰਹਿੰਦੇ ਰਿੰਦਾ ਦੇ ਨਾਂਅ ਉੱਤੇ ਬਠਿੰਡਾ ਜੇਲ੍ਹ ਉਡਾਉਣ ਦੀ ਧਮਕੀ

ਬਠਿੰਡਾ, 30 ਜੂਨ (ਪੋਸਟ ਬਿਊਰੋ)- ਕੇਂਦਰੀ ਜੇਲ੍ਹ ਬਠਿੰਡਾ ਵਿਚ ਬੰਦ ਦੋ ਗੈਂਗਸਟਰਾਂ ਨੇ ਨਾਮੀ ਗੈਂਗਸਟਰ ਹਰਵਿੰਦਰ ਰਿੰਦਾ ਦੇ ਨਾਂਅ ਉੱਤੇ ਜੇਲ੍ਹ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਹੈ। ਇਹ ਧਮਕੀ ਇਨ੍ਹਾਂ ਗੈਂਗਸਟਰਾਂ ਨੇ ਸਪੈਸ਼ਲ ਸੁਰੱਖਿਆ ਬਲਾਕ ਤੋਂ ਭੱਜਣ ਦੀ ਕੋਸ਼ਿਸ਼ ਦੌਰਾਨ ਜੇਲ੍ਹ ਅਧਿਕਾਰੀਆਂ ਨਾਲ ਧੱਕਾਮੁੱਕੀ ਕਰਦੇ ਹੋਏ ਦਿੱਤੀ।

ਥਾਣਾ ਕੈਂਟ ਦੇ ਮੁੱਖ ਅਧਿਕਾਰੀ ਪਰਮਪਾਰਸ ਸਿੰਘ ਚਹਿਲ ਤੇ ਜੇਲ੍ਹ ਚੌਕੀ ਦੇ ਮੁਖੀ ਕਰਮਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਭੇਜੀ ਸ਼ਿਕਾਇਤ ਵਿੱਚ ਬਠਿੰਡਾ ਜੇਲ੍ਹ ਦੇ ਸਹਾਇਕ ਸੁਪਰਡੈਂਟ ਗੌਰਵਦੀਪ ਸਿੰਘ ਨੇ ਦੱਸਿਆ ਕਿ 26 ਜੂਨ ਨੂੰ ਜਦੋਂ ਸਪੈਸ਼ਲ ਸੁਰੱਖਿਆ ਬਲਾਕ ਦੇ ਵਾਰਡਨ ਗੁਰਮੀਤ ਸਿੰਘ ਵੱਲੋਂ ਕਮਾਂਡੋਜ਼ ਦੀ ਮਦਦ ਨਾਲ ਸ਼ਾਮ ਨੂੰ ਬਲਾਕ ਦੀ ਬੰਦੀ ਕੀਤੀ ਜਾ ਰਹੀ ਤਾਂ ਓਥੇ ਮੌਜੂਦ ਗੈਂਗਸਟਰ ਰਾਜਵੀਰ ਸਿੰਘ ਰਾਜਾ ਤੇ ਗੈਂਗਸਟਰ ਗੁਰਦੀਪ ਸਿੰਘ ਰਾਣੋ ਨੇ ਪਹਿਲਾਂ ਬਣਾਈ ਸਕੀਮ ਤਹਿਤ ਰਾਣੋ ਨੇ ਵਾਰਡਨ ਨੂੰ ਪਿੱਛਿਓਂ ਧੱਕਾ ਮਾਰ ਕੇ ਧਰਤੀ ਉੱਤੇ ਸੁੱਟ ਕੇ ਉਸ ਦੀ ਪੱਗ ਲਾਹ ਦਿੱਤੀ ਤੇ ਵਰਦੀ ਪਾੜ ਦਿੱਤੀ। ਉਸ ਨੂੰ ਧਰਤੀ ਉੱਤੇ ਡਿੱਗੇ ਦੇਖ ਕੇ ਰਾਜੇ ਨੇ ਤਿੱਖੀ



ਪੱਤੀ ਨਾਲ ਉਸ ਉੱਤੇ ਵਾਰ ਕੀਤਾ ਅਤੇ ਬਲਾਕ ਵਿੱਚੋਂ ਭੱਜਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਮੌਕੇ ਉੱਤੇ ਪੁੱਜੇ ਬਲਾਕ ਇੰਚਾਰਜ ਗੌਰਵਦੀਪ ਸਿੰਘ (ਸਹਾਇਕ ਸੁਪਰਡੈਂਟ) ਨੇ ਬਲਾਕ ਦਾ ਛੋਟਾ ਗੇਟ ਬੰਦ ਕਰ ਕੇ ਭੱਜਣ ਤੋਂ ਰੋਕ ਲਿਆ ਤੇ ਬਾਕੀ ਮੁਲਾਜ਼ਮਾਂ ਨੇ ਰਾਣੋ ਨੂੰ ਕਾਬੂ ਕੀਤਾ।

ਘਟਨਾ ਸਥਾਨ ਉੱਤੇ ਜਦੋਂ ਡਿਪਟੀ ਸੁਪਰਡੈਂਟ ਸੁਰੱਖਿਆ ਸੁਖਪਾਲ ਸਿੰਘ, ਸਹਾਇਕ ਸੁਪਰਡੈਂਟ ਅਸ਼ੀਸ਼ ਕੁਮਾਰ ਤੇ ਜਸਪਾਲ ਸਿੰਘ ਸਮੇਤ ਹੋਰ ਕਮਾਂਡੋਜ਼ ਪਹੁੰਚੇ ਤਾਂ ਉਨ੍ਹਾਂ ਉੱਤੇ ਵੀ ਗੈਂਗਸਟਰ ਰਾਜਾ ਨੇ ਹਮਲਾ ਕੀਤਾ, ਜਿਸ ਨੂੰ ਉਨ੍ਹਾਂ ਬੜੀ ਜਦੋ-ਜਹਿਦ ਨਾਲ ਕਾਬੂ ਕੀਤਾ ਪਰ ਇਸ ਦੌਰਾਨ ਗੈਂਗਸਟਰ ਰਾਜਾ ਨੇ ਉਕਤ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਜਾਨੋ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਉਚੀ-ਉਚੀ ਕਿਹਾ ਕਿ 'ਪਾਕਿਸਤਾਨ ਵਿੱਚ ਬੈਠਾ ਹਰਿੰਦਰ ਰਿੰਦਾ ਮੇਰਾ ਭਰਾ ਹੈ, ਮੈਂ ਉਸ ਤੋਂ ਜੇਲ੍ਹ ਅਤੇ ਸਾਰੇ ਮੁਲਾਜ਼ਮਾਂ ਨੂੰ ਬੰਬ ਨਾਲ ਉਡਾ ਦੇਵਾਂਗਾ। ਇਸੇ ਤਹਿਤ ਗੈਂਗਸਟਰ ਰਾਜਵੀਰ ਸਿੰਘ ਰਾਜਾ ਵਾਸੀ ਨਾਥਪੁਰਾ (ਗੁਰਦਾਸਪੁਰ) ਤੇ ਗੈਂਗਸਟਰ ਗੁਰਦੀਪ ਸਿੰਘ ਵਾਸੀ ਰਾਣੋ (ਲੁਧਿਆਣਾ) ਖ਼ਿਲਾਫ਼ ਥਾਣਾ ਕੈਂਟ ਵਿਖੇ ਮੁਕੱਦਮਾ ਦਰਜ ਕੀਤਾ ਹੈ। ਗੈਂਗਸਟਰ ਰਾਜਵੀਰ ਕੋਲੋਂ ਕੁਝ ਦਿਨ ਪਹਿਲਾਂ ਜੇਲ੍ਹ ਪ੍ਰਸ਼ਾਸਨ ਨੇ ਇੱਕ ਮੋਬਾਈਲ, ਪੰਜ ਸਿੰਮ ਤੇ ਇੱਕ ਬੈਟਰੀ ਬਰਾਮਦ ਕੀਤੀ ਸੀ, ਜਿਸ ਬਾਰੇ ਉਸ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਗੈਂਗਸਟਰ ਰਾਜਵੀਰ ਕਤਲ ਤੇ ਅਸਲਾ ਐਕਟ ਸਮੇਤ 11 ਹੋਰ ਮੁਕੱਦਮਿਆਂ ਤਹਿਤ ਬਠਿੰਡਾ ਜੇਲ੍ਹ ਵਿੱਚ ਸੱਤ ਸਾਲ ਦੀ ਸਜ਼ਾ ਅਧੀਨ ਬੰਦ ਹੈ, ਜਦਕਿ ਗੁਰਦੀਪ ਰਾਣੋ ਸਪੈਸ਼ਲ ਟਾਸਕ ਫੋਰਸ ਵੱਲੋਂ ਨਸ਼ਾ ਤਸਕਰੀ ਦੇ ਕੇਸ ਸਮੇਤ ਹੋਰ ਪੰਜ ਕੇਸਾਂ ਤਹਿਤ ਜੇਲ੍ਹ ਵਿੱਚ ਬੰਦ ਹੈ।

## ਕੈਗ ਰਿਪੋਰਟ ਮੁਤਾਬਕ ਸਮਾਜਿਕ ਸੁਰੱਖਿਆ ਪੈਨਸ਼ਨ ਦਾ ਵੱਡਾ ਫਰਾਡ ਹੋਇਐ

*** ਮਰ ਚੁੱਕੇ ਵਿਅਕਤੀ ਵੀ ਤਿੰਨ ਸਾਲ ਬੁਢਾਪਾ ਪੈਨਸ਼ਨ ਲੈਂਦੇ ਰਹੇ**

ਚੰਡੀਗੜ੍ਹ, 30 ਜੂਨ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੀ 'ਕੈਗ' ਦੀ ਰਿਪੋਰਟ ਵਿੱਚ ਸਮਾਜਿਕ ਸੁਰੱਖਿਆ ਯੋਜਨਾ ਤਹਿਤ ਦਿੱਤੀ ਜਾਂਦੀ ਬੁਢਾਪਾ ਪੈਨਸ਼ਨ ਵਿੱਚ ਵੱਡਾ ਫਰਾਡ ਨੰਗਾ ਹੋਇਆ ਹੈ।

ਇਸ ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਇਸ ਸਕੀਮ ਹੇਠ ਅਜਿਹੇ ਵਿਅਕਤੀਆਂ ਨੂੰ ਵੀ ਬੁਢਾਪਾ ਪੈਨਸ਼ਨ




ਦਿੱਤੀ ਜਾਂਦੀ ਰਹੀ, ਜਿਨ੍ਹਾਂ ਦੀ ਮੌਤ ਤਿੰਨ ਸਾਲ ਪਹਿਲਾਂ ਹੋ ਚੁੱਕੀ ਸੀ। ਕੈਗ (ਕੰਪਟਰੋਲਰ ਐਂਡ ਆਡੀਟਰ ਜਨਰਲ) ਨੇ ਆਪਣੀ ਬੀਤੇ ਸਾਲ ਦੀ ਰਿਪੋਰਟ ਵਿੱਚਲਿਖਿਆ ਹੈ ਕਿ ਇੱਕ ਲੱਖ ਤੋਂ ਵੱਧ ਅਜਿਹੇ ਲੋਕਾਂ ਦਾ ਪਤਾ ਲੱਗਾ ਹੈ, ਜੋ ਬੁਢਾਪਾ ਪੈਨਸ਼ਨ ਲਈ ਮਿਥੀ ਉਮਰ ਤੋਂ ਘੱਟ ਸਾਲਾਂ ਦੇ ਸਨ। ਇਸ ਦੇ ਸਭ ਤੋਂ ਵੱਧ ਕੇਸ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਪਟਿਆਲਾ ਜ਼ਿਲ੍ਹੇ ਵਿੱਚ ਮਿਲੇ ਹਨ। ਪਤਾ ਲੱਗਾ ਹੈ ਕਿ 50053 ਪੁਰਸ਼ ਅਤੇ 59151 ਔਰਤਾਂ, ਜੋ ਨਿਰਧਾਰਿਤ ਉਮਰ ਦੀ ਸ਼ਰਤ ਪੂਰੀ ਨਹੀਂ ਕਰਦੇ ਸਨ, ਨੂੰ ਵੀ ਪੈਨਸ਼ਨ ਮਿਲਦੀ ਰਹੀ। ਰਿਪੋਰਟ ਅਨੁਸਾਰ 8286 ਜਾਅਲੀ ਲਾਭਪਾਤਰੀਆਂ ਨੂੰ ਲਾਭ ਦਿੰਦੇ ਹੋਏ ਅਪ੍ਰੈਲ 2017 ਤੋਂ ਜੁਲਾਈ 2020 ਤਕ 9.89 ਕਰੋੜ ਰੁਪਏ ਦਾ ਭੁਗਤਾਨ ਕੀਤਾ ਗਿਆ। ਦੂਜੇ ਪਾਸੇ ਰਾਜ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਇੱਕ ਅਰਜ਼ੀਕਰਤਾ ਸਿਰਫ਼ ਇੱਕੋ ਸਮਾਜਿਕ ਸੁਰੱਖਿਆ ਪੈਨਸ਼ਨ ਲੈ ਸਕਦਾ ਹੈ, ਪਰ ਇਨ੍ਹਾਂ ਨਿਯਮਾਂ ਦੇ ਉਲਟ 2226 ਔਰਤਾਂ, ਜਿਨ੍ਹਾਂ ਦੇ ਪਿਤਾ ਦਾ ਨਾਂਅ, ਆਧਾਰ ਨੰਬਰ ਜਾਂ ਖਾਤਾ ਨੰਬਰ ਇੱਕ ਸੀ, ਨੂੰ ਓ ਏ ਪੀ ਅਤੇ ਐਫ ਏ ਡਬਲਊ ਡੀ ਦੋਵਾਂ ਸਕੀਮਾਂ ਹੇਠ ਵਿੱਤੀ ਮਦਦ ਦਿੱਤੀ ਜਾਂਦੀ ਰਹੀ। ਇਹ ਵੀ ਭੇਦ ਖੁੱਲ੍ਹਾ ਹੈ ਕਿ 76848 ਲੋਕਾਂ ਦੇ ਨਾਂਅ ਦੇ ਨਾਲ ਜਨਮ ਤਰੀਕ ਹੀ ਦਰਜ ਨਹੀਂ ਕੀਤੀ ਗਈ, ਜਦਕਿ ਐਫ਼ ਏ ਡਬਲਊ ਡੀ ਸਕੀਮ ਜੋ ਕੇਵਲ ਔਰਤਾਂ ਲਈ ਹੈ, ਪਰ ਇਸ ਵਿੱਚ 12047 ਲਾਭ ਪਾਤਰੀ ਪੁਰਸ਼ ਦੱਸੇ ਗਏ ਹਨ।

## ਸਰੋਵਰ ਵਿੱਚ ਇਸ਼ਨਾਨ ਕਰਦੇ ਤਿੰਨ ਬੱਚਿਆਂ ਦੀ ਡੁੱਬਣ ਕਾਰਨ ਮੌਤ

ਜਲਾਲਾਬਾਦ, 30 ਜੂਨ (ਪੋਸਟ ਬਿਊਰੋ)- ਨੇੜੇ ਪਿੰਡ ਸ਼ੇਰ ਮੁਹੰਮਦ ਦੇ ਗੁਰਦੁਆਰਾ ਨਾਨਕਸਰ ਸਾਹਿਬ ਵਿੱਚ ਮੱਸਿਆ ਨਹਾਉਣ ਆਏ ਤਿੰਨ ਪਰਵਾਰਾਂ ਦੇ ਤਿੰਨ ਬੱਚੇ ਗੁਰੂ ਘਰ ਦੇ ਸਰੋਵਰ ਵਿੱਚ ਡੁੱਬ ਗਏ। ਉਨ੍ਹਾ ਨੂੰ ਜਲਾਲਾਬਾਦ ਦੇ ਸਿਵਲ ਹਸਪਤਾਲ ਪਹੁੰਚਾਇਆ ਗਿਆ ਤਾਂ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਘਟਨਾ ਦੀ ਸੂਚਨਾ ਮਿਲਦਿਆਂ ਹੀ ਜਲਾਲਾਬਾਦ ਦੇ ਡੀ ਐਸ ਪੀ ਤੇ ਤਹਿਸੀਲਦਾਰ ਘਟਨਾ ਵਾਲੀ ਥਾਂ ਪਹੁੰਚ ਗਏ। ਬੱਚਿਆਂ ਦੀ ਮੌਤ ਦਾ ਕਾਰਨ ਸਰੋਵਰ ਵਿੱਚ ਦਾਖਲ ਹੁੰਦਿਆਂ ਪੈਰ ਤਿਲਕ ਜਾਣਾ ਦੱਸਿਆ ਗਿਆ ਹੈ।

ਮ੍ਰਿਤਕ ਬੱਚਿਆਂ ਵਿੱਚ ਹਰਪ੍ਰੀਤ ਸਿੰਘ 9 ਸਾਲ ਪੁੱਤਰ ਜਸਵੀਰ ਸਿੰਘ ਵਾਸੀ ਦਰੋਗਾ, ਪ੍ਰਿਆ ਪੁੱਤਰੀ ਜਸਵਿੰਦਰ ਸਿੰਘ ਵਾਸੀ ਸੁਖੇਰਾ ਬੋਦਲਾ, ਸੀਰਤ 10 ਪੁੱਤਰੀ ਪੂਰਨ ਸਿੰਘ ਵਾਸੀ ਛੋਟੇ ਜੰਡਵਾਲੇ ਝੁੱਗੇ ਸ਼ਾਮਲ ਹਨ। ਜਸਵੀਰ ਸਿੰਘ ਦੇ ਅਨੁਸਾਰ ਉਸਦੀਆਂ ਦੋ ਭੈਣਾਂ ਪਿੰਡ ਸੁਖੇਰਾ ਬੋਦਲਾ ਜਲਾਲਾਬਾਦ ਤੇ ਇੱਕ ਗੁਰੂ ਹਰਸਹਾਏ



ਦੇ ਪਿੰਡ ਛੋਟਾ ਜੰਡਵਾਲਾ ਵਿੱਚ ਵਿਆਹੀਆਂ ਸਨ। ਕੱਲ੍ਹ ਸਵੇਰੇ ਪਿੰਡ ਸ਼ੇਰ ਮੁਹੰਮਦ, ਜਿੱਥੇ ਇਹ ਘਟਨਾ ਵਾਪਰੀ, ਅਸੀਂ ਤਿੰਨ ਪਰਵਾਰ ਝੋਨਾ ਲਗਾ ਰਹੇ ਸਾਂ ਤਾਂ ਉਨ੍ਹਾਂ ਦੇ ਬੱਚੇ ਨਹਾਉਣ ਲਈ ਸਰੋਵਰ ਵੱਲ ਚਲੇ ਗਏ। ਜਦੋਂ ਉਹ ਸਰਵਰ ਵਿੱਚ ਉੱਤਰਨ ਲੱਗੇ ਤਾਂ ਉਨ੍ਹਾਂ ਦੇ ਪੈਰ ਤਿਲਕ ਗਏ ਤੇ ਉਹ ਸਰੋਵਰ ਵਿੱਚ ਡੁੱਬ ਗਏ। ਉਨ੍ਹਾਂ ਨਾਲ ਨਹਾਉਂਦੇ ਬੱਚਿਆਂ ਨੇ ਰੌਲਾ ਪਾਇਆ ਤਾਂ ਗੁਰੂ ਘਰ ਦੇ ਗ੍ਰੰਥੀ ਸਮੇਤ ਗੁਰੂ ਘਰ ਵਿੱਚ ਮੌਜੂਦ ਲੋਕਾਂ ਨੇ ਉਨ੍ਹਾਂ ਨੂੰ ਬਚਾਉਣ ਲਈ ਛਾਲਾਂ ਮਾਰ ਦਿੱਤੀਆਂ। ਜਦ ਤਕ ਬੱਚਿਆਂ ਨੂੰ ਬਾਹਰ ਕੱਢਿਆ, ਉਨ੍ਹਾਂ ਦੀ ਗੰਭੀਰ ਹਾਲਾਤ ਨੂੰ ਦੇਖ ਕੇ ਜਲਾਲਾਬਾਦ ਦੇ ਹਸਪਤਾਲ ਪਹੁੰਚਾਇਆ ਗਿਆ ਜਿੱਥੇ ਬੱਚਿਆਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ।

## ਡਾ. ਭੰਡਾਲ ਦੀ ਪੁਸਤਕ 'ਦੀਵਿਆਂ ਦੀ ਡਾਰ' ਰੀਲੀਜ਼



ਪਟਿਆਲਾ, 29 ਜੂਨ (ਪੋਸਟ ਬਿਊਰੋ): ਪਿਛਲੇ ਦਿਨੀਂ ਡਾ ਗੁਰਬਖ਼ਸ਼ ਸਿੰਘ ਭੰਡਾਲ ਦੀ ਨਵ-ਪ੍ਰਕਾਸ਼ਤ ਪੁਸਤਕ 'ਦੀਵਿਆਂ ਦੀ ਡਾਰ' ਪੰਜਾਬੀ ਦੇ ਮਾਣਮੱਤੇ ਅਦੀਬਾਂ ਵਲੋਂ ਪਟਿਆਲਾ ਵਿਚ ਇਕ ਸਮਾਗਮ ਵਿਚ ਰੀਲੀਜ਼ ਕੀਤੀ ਗਈ। ਇਹ ਪੁਸਤਕ ਪੰਜਾਬੀ ਯੂਨੀਵਰਸਿਟੀ ਪਟਿਆਲੇ ਦੇ ਉਘੇ ਵਿਦਵਾਨਾਂ ਡਾ ਸਤੀਸ਼ ਵਰਮਾ ਅਤੇ ਡਾ ਜਸਵਿੰਦਰ ਸਿੰਘ , ਉਘੇ ਕਹਾਣੀਕਾਰ ਕ੍ਰਿਪਾਲ ਕਜ਼ਾਕ, ਪ੍ਰੋ ਕੁਲਵੰਤ ਸਿੰਘ ਔਜਲਾ, ਡਾ ਗੋਪਾਲ ਬੁੱਟਰ, ਪ੍ਰੋ ਪ੍ਰੀਤਮ ਭੰਗੂ, ਪ੍ਰੋ ਬਖਤੌਰ ਧਾਲੀਵਾਲ ਆਦਿ ਮਾਣਮੱਤੀਆਂ ਸਖ਼ਸ਼ੀਅਤਾਂ ਵਲੋਂ ਸਾਂਝੇ ਰੂਪ ਵਿਚ ਰੀਲੀਜ਼ ਕੀਤੀ ਗਈ। ਇਸ ਮੌਕੇ ਨੇ ਡਾ ਸਤੀਸ਼ ਵਰਮਾ ਨੇ ਡਾ ਭੰਡਾਲ ਨੂੰ ਵਿਲੱਖਣ ਵਾਰਤਕ ਲੇਖਕ ਦੱਸਦਿਆਂ ਪੁਸਤਕ ਵਿਚਲੇ ਨਿਬੰਧਾਂ ਦੀ ਤਾਸੀਰ ਨੂੰ ਨਰੋਈ ਜੀਵਨ-ਸ਼ੈਲੀ ਦਾ ਬਿਰਤਾਂਤ ਕਿਹਾ। ਡਾ ਜਸਵਿੰਦਰ ਸਿੰਘ ਨੇ ਕਿਹਾ ਕਿ ਡਾ ਭੰਡਾਲ ਸਾਹਿਤ ਅਤੇ ਵਿਗਿਆਨ ਦਾ ਅਦਭੁੱਤ ਸੁਮੇਲ ਹਨ ਜਿਹਨਾਂ ਦੀਆਂ ਲਿਖਤਾਂ ਵਿਚ ਬੰਦੇ ਨੂੰ ਬਾਹਰ ਤੋਂ ਅੰਤਰੀਵੀ ਯਾਤਰਾ ਤੇ ਤੁੱਰਨ ਦੀ ਪ੍ਰੇਰਨਾ ਮਿਲਦੀ ਹੈ।

ਪੰਜਾਬੀ ਯੂਨੀਵਰਸਿਟੀ ਆਪਣੇ ਪੁਰਾਣੇ ਵਿਦਿਆਰਥੀ ਤੇ ਮਾਣ ਕਰਦੀ ਹੈ। ਮਹਾਨ ਕਹਾਣੀਕਾਰ ਕ੍ਰਿਪਾਲ ਕਜ਼ਾਕ ਨੇ ਭੰਡਾਲ ਦੀ ਵਾਰਤਕ ਸ਼ੈਲੀ ਨੂੰ ਆਵੇਸ਼ ਵਿਚੋਂ ਪੈਦਾ ਹੋਈ ਸ਼ੈਲੀ ਕਿਹਾ ਜਿਹੜੀ ਮਨ ਦੀਆਂ ਤਹਿਆਂ ਨੂੰ ਫਰੋਲਦੀ ਸਥਾਪਤ ਸ਼ੈਲੀ ਤੋਂ ਬਿਲਕੁਲ ਵੱਖਰੀ ਹੈ। ਇਸ ਮੌਕੇ ਤੇ ਪ੍ਰੋ ਕੁਲਵੰਤ ਸਿੰਘ ਔਜਲਾ, ਡਾ ਸੁਰਜੀਤ ਸਿੰਘ ਭੱਟੀ, ਡਾ ਭੀਮਇੰਦਰ ਸਿੰਘ, ਸੱਤਪਾਲ ਭੀਖੀ, ਡਾ ਗੁਰਸੇਵਕ ਲੰਬੀ, ਡਾ ਮਨਜੀਤ ਸਿੰਘ ਬੱਲ ਆਦਿ ਵਿਦਵਾਨਾਂ ਨੇ ਡਾ ਭੰਡਾਲ ਨੂੰ ਨਵੀਂ ਪੁਸਤਕ ਲਈ ਵਧਾਈ ਦਿੰਦਿਆ ਕਿਹਾ ਕਿ ਭੰਡਾਲ ਦੀ ਵਾਰਤਕ ਨੇ ਪੰਜਾਬੀ ਸਾਹਿਤ ਨੂੰ ਅਮੀਰ ਕੀਤਾ ਹੈ ਅਤੇ ਆਸ ਹੈ ਕਿ ਡਾ ਭੰਡਾਲ ਭਵਿੱਖ ਵਿਚ ਵੀ ਆਪਣੀਆਂ ਅਣਮੋਲ ਲਿਖਤਾਂ ਨਾਲ ਪੰਜਾਬੀ ਅਦਬ ਦੀ ਸੇਵਾ ਕਰਦੇ ਰਹਿਣਗੇ। ਯਾਦ ਰਹੇ ਕਿ ਡਾ ਭੰਡਾਲ ਅਮਰੀਕਾ ਦੀ ਕਲੀਵਲੈਂਡ ਸਟੇਟ ਯੂਨੀਵਰਸਿਟੀ ਵਿਚ ਫਿਜਿਕਸ ਪੜਾਉਂਦੇ ਹਨ। ਉਹ ਭਾਸ਼ਾ ਵਿਭਾਗ, ਪੰਜਾਬ ਵਲੋਂ ਸਨਮਾਨਿਤ ਸ਼੍ਰੋਮਣੀ ਸਾਹਿਤਕਾਰ ਹਨ।

## ਡੀ ਜੀ ਪੀ ਪੰਜਾਬ ਵੀਕੇ ਭਾਵਰਾ ਦੀ ਫ਼ੋਟੋ ਦੀ ਗ਼ਲਤ ਵਰਤੋਂ ਦਾ ਮੁੱਦਾ ਸਾਹਮਣੇ ਆਇਆ

ਚੰਡੀਗੜ੍ਹ, 30 ਜੂਨ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਡੀ ਜੀ ਪੀ, ਵੀ ਕੇ ਭਾਵਰਾ ਦੀ ਤਸਵੀਰ ਦੀ ਦੁਰਵਰਤੋਂ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਕਾਰਾ ਸਾਈਬਰ ਅਪਰਾਧੀਆਂ ਨੇ ਕੀਤਾ ਹੈ, ਜਿਸ ਕਾਰਨ ਪੰਜਾਬ ਪੁਲਸ ਚੌਕਸ ਹੋ ਗਈ ਹੈ। ਠੱਗਾਂ ਨੇ ਡੀ ਜੀ ਪੀ ਦੀ ਫੋਟੋ ਲਾ ਕੇ ਇੱਕ ਵਾਹਟਸਐਪ ਆਈ ਈ ਡੀ ਬਣਾ ਲਈ ਅਤੇ ਕਈ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਸੰਦੇਸ਼ ਤਕ ਭੇਜ ਦਿੱਤੇ। ਇਸ ਤਰ੍ਹਾਂ ਦਾ ਗੰਭੀਰ ਕੇਸ ਪਤਾ ਲੱਗਣ ਉੱਤੇ ਪੰਜਾਬ ਪੁਲਸ ਨੇ ਪੂਰੇ ਸੂਬੇ ਵਿੱਚ ਅਲਰਟ ਜਾਰੀ ਕਰ ਦਿੱਤਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਜੇ ਕਿਸੇ ਨੂੰ ਵੀ ਡੀ ਜੀ ਪੀ ਦੀ ਤਸਵੀਰ ਵਾਲਾ ਵਾਟਸਐਪ ਉੱਤੇ ਮੈਸੇਜ ਆਉਂਦਾ ਹੈ ਤਾਂ ਸਾਈਬਰ ਕ੍ਰਾਈਮ ਸੈਲ ਨੂੰ ਤੁਰੰਤ ਸੂਚਨਾ ਦਿੱਤੀ ਜਾਵੇ। ਪ੍ਰਾਪਤ ਜਾਣਕਾਰੀ ਅਨੁਸਾਰ ਰਾਜ ਦੇ ਕੁਝ ਡਿਪਟੀ ਕਮਿਸ਼ਨਰਾਂ ਨੂੰ ਮੋਬਾਈਲ ਨੰਬਰ +91-74369-06364 ਤੋਂ ਸੰਦੇਸ਼ ਮਿਲੇ ਸਨ, ਜਿਸ ਵਿੱਚ ਪੰਜਾਬ ਦੇ ਡੀ ਜੀ ਪੀ, ਵੀਕੇ ਭਾਵਰਾ ਦੀ ਤਸਵੀਰ ਸੀ। ਦੱਸਿਆ ਜਾਂਦਾ ਹੈ ਕਿ ਇਨ੍ਹਾਂ ਆਈ ਡੀ ਤੋਂ ਆਏ ਮੈਸੇਜਿਜ਼ ਵਿੱਚ ਅਪਰਾਧੀਆਂ ਨੇ ਪੈਸਿਆਂ ਦੀ ਵੀ ਮੰਗ ਕੀਤੀ ਹੈ। ਮੈਸੇਜ ਪ੍ਰਾਪਤ ਕਰਨ ਵਾਲੇ ਡਿਪਟੀ ਕਮਿਸ਼ਨਰਾਂ ਨੇ ਜਦੋਂ ਡੀ ਜੀ ਪੀ ਨਾਲ ਗੱਲ ਕੀਤੀ ਤਾਂ ਸਾਫ ਹੋ ਗਿਆ ਕਿ ਇਹ ਧੋਖਾਧੜੀ ਹੈ ਤੇ ਇਹ ਵਾਟਸਐਪ ਡੀ ਜੀ ਪੀ ਵੱਲੋਂ ਨਹੀਂ ਆਇਆ। ਜਿਸ ਨੰਬਰ ਤੋਂ ਵਟਸਐਪ ਮੈਸੇਜ ਭੇਜੇ ਗਏ, ਉਸ ਉੱਤੇ ਡੀ ਜੀ ਪੀ ਦੀ ਤਸਵੀਰ ਲੱਗੀ ਹੈ ਤੇ ਨਾਂ ਵੀ ਵੀਰੇਸ਼ ਕੁਮਾਰ ਭਾਵਰਾ ਲਿਖਿਆ ਹੈ। ਮੈਸੇਜ ਪੜ੍ਹ ਕੇ ਅਫ਼ਸਰਾਂ ਨੇ ਡੀ ਜੀ ਪੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਸਪੱਸ਼ਟ ਕੀਤਾ ਕਿ ਜਿਸ ਨੰਬਰ ਤੋਂ ਮੈਸੇਜ ਭੇਜੇ ਗਏ ਸਨ, ਉਹ ਉਨ੍ਹਾਂ ਦਾ ਨੰਬਰ ਨਹੀਂ ਹੈ।

## ਵੱਢੀ ਲੈਣ ਦੇ ਦੋਸ਼ ਹੇਠ ਟੈਲੀਕਾਮ ਇੰਜੀਨੀਅਰ ਤੇ ਸੁਪਰਡੈਂਟ ਕਾਬੂ

ਚੰਡੀਗੜ੍ਹ, 30 ਜੂਨ (ਪੋਸਟ ਬਿਊਰੋ)- ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੇ ਇਕ ਲੱਖ 80 ਹਜ਼ਾਰ ਰੁਪਏ ਦੀ ਵੱਢੀ ਮੰਗਣ ਦੇ ਦੋਸ਼ ਹੇਠ ਇੱਕ ਸੀਨੀਅਰ ਡਿਵੀਜ਼ਨਲ ਸਿਗਨਲ ਤੇ ਟੈਲੀਕਾਮ ਇੰਜਨੀਅਰ ਤੇ ਰੇਲਵੇ ਦੇ ਮੁੱਖ ਦਫ਼ਤਰ ਦੇ ਇੱਕ ਸੁਪਰਡੈਂਟ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਦੋਵੇਂ ਰੇਲਵੇ ਦੇ ਡੀ ਆਰ ਐਮ ਅੰਬਾਲਾ ਕੈਂਟ ਦੇ ਦਫ਼ਤਰ ਵਿੱਚ ਲੱਗੇ ਹੋਏ ਹਨ। ਉਨ੍ਹਾਂ ਨੇ ਇੱਕ ਠੇਕੇਦਾਰ ਤੋਂ ਵੱਢੀ ਮੰਗੀ ਸੀ ਤੇ ਠੇਕੇਦਾਰ ਦੀ ਸ਼ਿਕਾਇਤ ਉੱਤੇ ਟਰੈਪ ਲਾ ਕੇ ਇਨ੍ਹਾਂ ਦੋਵਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਠੇਕੇਦਾਰ ਦੀ ਸ਼ਿਕਾਇਤ ਉੱਤੇ ਦੋਵਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਠੇਕੇਦਾਰ ਨੇ ਦੱਸਿਆ ਸੀ ਕਿ ਉਹ ਪੰਜਾਬ ਤੇ ਹਰਿਆਣੇ ਵਿੱਚ ਰੇਲਵੇ ਦੇ ਠੇਕੇ ਲੈਂਦਾ ਹੈ। ਉਸ ਨੂੰ ਓਪਨ ਟੈਂਡਰ ਰਾਹੀਂ ਦੋ ਠੇਕੇ ਮਿਲੇ ਸਨ, ਇਕ 92 ਲੱਖ ਦਾ ਅਤੇ ਦੂਜਾ 1.15 ਕਰੋੜ ਰੁਪਏ ਦਾ, ਪਰ ਠੇਕੇ ਦੇ ਮੁਕੰਮਲ ਹੋਣ ਤੋਂ ਬਾਅਦ ਉਸ ਨੇ ਜਦੋਂ ਸੋਧਿਆ ਗਿਆ ਅਨੁਮਾਨ ਪੇਸ਼ ਕੀਤਾ ਤਾਂ ਉਕਤ ਮੁਲਾਜ਼ਮ ਉਸ ਦਾ ਬਿੱਲ ਪਾਸ ਕਰਨ ਲਈ ਬਿੱਲ ਦੀ ਰਕਮ ਦਾ ਦੋ ਫ਼ੀਸਦੀ ਹਿੱਸਾ ਮੰਗਣ ਲੱਗ ਪਏ।ਠੇਕੇਦਾਰ ਨੇ ਦੋਸ਼ ਲਾਇਆ ਸੀ ਕਿ ਮੁੱਖ ਦਫਤਰ ਦੇ ਸੁਪਰਡੈਂਟ ਨੇ ਸੀਨੀਅਰ ਡਿਵੀਜਨਲ ਸਿਗਨਲ ਅਤੇ ਟੈਲੀਕਾਮ ਇੰਜੀਨੀਅਰ ਵੱਲੋਂ ਸੋਧੇ ਅਨੁਮਾਨਾਂ ਦੀ ਪ੍ਰਵਾਨਗੀ ਬਦਲੇ ਰਿਸ਼ਵਤ ਦੀ ਮੰਗ ਕੀਤੀ ਜੋ ਕੁੱਲ ਕੰਟਰੈਕਟ ਮੁੱਲ ਦਾ 2 ਫੀਸਦ ਸੀ। ਇਸ ਸ਼ਿਕਾਇਤ ਉੱਤੇ ਸੀ ਬੀ ਆਈ ਨੇ ਟਰੈਪ ਲਗਾਇਆ ਅਤੇ ਦੋਸ਼ੀਆਂ ਨੂੰ ਸ਼ਿਕਾਇਤਕਰਤਾ ਤੋਂ 1 ਲੱਖ 80 ਹਜ਼ਾਰ ਰੁਪਏ ਲੈਂਦੇ ਹੋਏ ਫੜ ਲਿਆ। ਸੀ ਬੀ ਆਈ ਨੇ ਅੰਬਾਲੇ ਵਿੱਚ ਦੋਵਾਂ ਦੀਰਿਹਾਇਸ਼ੀ ਅਤੇ ਦਫ਼ਤਰੀ ਤਲਾਸ਼ੀ ਲਈ, ਜਿਸ ਵਿੱਚ ਅਪਰਾਧਕ ਦਸਤਾਵੇਜ ਬਰਾਮਦ ਕੀਤੇ ਗਏ। ਗ੍ਰਿਫ਼ਤਾਰ ਕੀਤੇ ਗਏ ਦੋਵੇਂ ਦੋਸ਼ੀਆਂ ਨੂੰ ਪੰਚਕੂਲਾ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ।





# ਮਨੀਸ਼ ਤਿਵਾੜੀ ਵੱਲੋਂ ਅਗਨੀਪਥ ਯੋਜਨਾ ਦੀ ਹਮਾਇਤ

### * ਕਾਂਗਰਸ ਪਾਰਟੀ ਨੇ ਵਿਚਾਰ ਤੋਂ ਕਿਨਾਰਾ ਕੀਤਾ



ਨਵੀਂ ਦਿੱਲੀ, 30 ਜੂਨ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਪਾਰਲੀਮੈਂਟ ਮੈਂਬਰ ਮਨੀਸ਼ ਤਿਵਾੜੀ ਵੱਲੋਂ ਅਗਨੀਪਥ ਯੋਜਨਾ ਦੀ ਹਮਾਇਤ ਵਾਲੇ ਬਿਆਨ ਤੋਂ ਪਾਰਟੀ ਨੇ ਆਪਣੇ ਆਪ ਨੂੰ ਵੱਖ ਕਰ ਲਿਆ ਹੈ।

ਇਸ ਸੰਬੰਧ ਵਿੱਚ ਕਾਂਗਰਸ ਨੇ ਕਿਹਾ ਕਿ ਇਹ ਤਿਵਾੜੀ ਦੇ ਆਪਣੇ ਵਿਚਾਰ ਹਨ ਤੇ ਪਾਰਟੀ ਦਾ ਉਸ ਨਾਲ ਕੁਝ ਵੀ ਲੈਣਾ-ਦੇਣਾ ਨਹੀਂ। ਕਾਂਗਰਸ ਦਾ ਮੰਨਣਾ ਹੈ ਕਿ ਫੌਜ ਵਿੱਚ ਭਰਤੀ ਦੀ ਨਵੀਂ ਯੋਜਨਾ ਕੌਮੀ ਸੁਰੱਖਿਆ ਅਤੇ ਨੌਜਵਾਨ ਵਿਰੋਧੀ ਹੈ। ਪਾਰਟੀ ਨੇ ਅਗਨੀਪਥ ਯੋਜਨਾ ਦਾ ਵਿਰੋਧ ਕੀਤਾ ਹੋਇਆ ਹੈ ਅਤੇ ਉਸ ਨੇ ਸੱਤਿਆਗ੍ਰਹਿ ਵੀ ਕੀਤਾ ਸੀ।

ਅੰਗਰੇਜ਼ੀ ਅਖਬਾਰ ਇੰਡੀਅਨ ਐਕਸਪ੍ਰੈੱਸ ਵਿਚ ਮਨੀਸ਼ ਤਿਵਾੜੀ ਨੇ ਲਿਖਿਆ ਹੈ ਕਿ ਅਗਨੀਵੀਰ ਭਰਤੀ ਸੁਧਾਰਾਂ ਵਿੱਚ ਇੱਕ ਅਹਿਮ ਕਦਮ ਹੈ ਅਤੇ ਸੁਧਾਰ ਕਰਦਿਆਂ ਚੀਫ ਆਫ ਡਿਫੈਂਸ ਸਟਾਫ ਦੀ ਨਿਯੁਕਤੀ ਕੀਤੀ ਜਾਵੇ ਅਤੇ ਫੌਜਾਂ ਦਾ ਪੁਨਰਗਠਨ ਕਰ ਕੇ ਥੀਏਟਰ ਕਮਾਂਡ ਵਿੱਚ ਤਬਦੀਲ ਕੀਤਾ ਜਾਵੇ। ਇਸ ਲੇਖ ਦੇ ਜਵਾਬ ਵਿੱਚ ਕਾਂਗਰਸ ਦੇ ਜਨਰਲ ਸੈਕਟਰੀ ਜੈਰਾਮ ਰਮੇਸ਼ ਨੇ ਟਵਿੱਟਰ ਉੱਤੇ ਕਿਹਾ, 'ਪਾਰਟੀ ਦੇ ਪਾਰਲੀਮੈਂਟ ਮੈਂਬਰ ਮਨੀਸ਼ ਤਿਵਾੜੀ ਨੇ ਅਗਨੀਪਥ ਬਾਰੇ ਲੇਖ ਲਿਖਿਆ ਹੈ। ਕਾਂਗਰਸ ਦੀ ਰਾਏ ਹੈ ਕਿ ਇਹ ਯੋਜਨਾ ਬਿਨਾਂ ਵਿਚਾਰ ਵਟਾਂਦਰੇ ਦੇ ਲਿਆਂਦੀ ਗਈ ਹੈ।' ਇਸ ਮਗਰੋਂ ਮਨੀਸ਼ ਤਿਵਾੜੀ ਨੇ ਰਮੇਸ਼ ਨੂੰ ਜਵਾਬ ਦਿੰਦਿਆਂ ਕਿਹਾ ਕਿ ਲੇਖ ਦੇ ਅਖੀਰ ਵਿੱਚ ਦੱਸਿਆ ਗਿਆ ਹੈ ਕਿ ਇਹ ਉਨ੍ਹਾਂ ਦੇ ਨਿੱਜੀ ਵਿਚਾਰ ਹਨ। ਤਿਵਾੜੀ ਨੇ ਲੇਖ ਦਾ ਸਕਰੀਨ ਸ਼ਾਟ ਵੀ ਨੱਥੀ ਕੀਤਾ ਹੈ।

# ਕੇਂਦਰ ਨੇ ਉਦੈਪੁਰ ਹੱਤਿਆ ਕਾਂਡ ਦੀ ਜਾਂਚ ਐਨ ਆਈ ਏ ਨੂੰ ਸੌਂਪੀ

ਨਵੀਂ ਦਿੱਲੀ, 30 ਜੂਨ (ਪੋਸਟ ਬਿਊਰੋ)- ਕੇਂਦਰੀ ਗ੍ਰਹਿ ਮੰਤਰਾਲੇ ਨੇ ਰਾਜਸਥਾਨ ਦੇ ਉਦੈਪੁਰ ਵਿੱਚ ਇੱਕ ਦਰਜੀ ਦਾ ਬੇਰਹਿਮੀ ਨਾਲ ਸਿਰ ਕਲਮ ਕਰਨ ਦੇ ਕੇਸ ਦੀ ਜਾਂਚ ਕੌਮੀ ਜਾਂਚ ਏਜੰਸੀ (ਐਨ ਆਈ ਏ) ਨੂੰ ਸੌਂਪੀ ਹੈ।

ਗ੍ਰਹਿ ਮੰਤਰਾਲੇ ਨੇ ਏਜੰਸੀ ਨੂੰ ਇਸ ਵਿੱਚ ਕਿਸੇ ਦਹਿਸ਼ਤੀ ਸੰਗਠਨ ਅਤੇ ਅੰਤਰਰਾਸ਼ਟਰੀ ਦਖਲ ਦਾ ਪਤਾ ਲਾਉਣ ਦੇ ਨਿਰਦੇਸ਼ ਦਿੱਤੇ ਹਨ। ਮੰਤਰਾਲੇ ਦੀਆਂ ਹਦਾਇਤਾਂ ਤੋਂ ਫੌਰੀ ਬਾਅਦ ਐਨ ਆਈ ਏ ਨੇ ਗੈਰ ਕਾਨੂੰਨੀ ਸਰਗਰਮੀਆਂ ਰੋਕੂ ਐਕਟ (ਯੂ ਏ ਪੀ ਏ) ਦਾ ਕੇਸ ਦਰਜ ਕਰ ਕੇ ਰਸਮੀ ਜਾਂਚ ਸ਼ੁਰੂ ਕਰ ਦਿੱਤੀ ਹੈ। ਡੀ ਆਈ ਜੀ ਰੈਂਕ ਦੇ ਅਧਿਕਾਰੀ ਦੀ ਅਗਵਾਈ ਵਿੱਚ ਟੀਮ ਕੱਲ੍ਹ ਸ਼ਾਮੀਂ ਉਦੈਪੁਰ ਪੁੱਜ ਗਈ ਹੈ।

ਦੂਸਰੇ ਪਾਸੇ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਆਖਿਆ ਹੈ ਕਿ ਉਦੈਪੁਰ ਵਿੱਚ ਦਿਨ ਦਿਹਾੜੇ ਇਹ ਕਤਲ ਦਹਿਸ਼ਤ ਫੈਲਾਉਣ ਦੇ ਇਰਾਦੇ ਨਾਲ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਐਨ ਆਈ ਏ ਨੂੰ ਕੇਸ ਦੀ ਜਾਂਚ ਵਿੱਚ ਪੂਰਾ ਸਹਿਯੋਗ ਦਿੱਤਾ ਜਾਵੇਗਾ।ਐਨ ਆਈ ਏ ਨੇ ਕਿਹਾ ਕਿ ਕਾਤਲਾਂ ਦਾ ਪੂਰੀ ਘਟਨਾ ਦੀ ਵੀਡੀਓ ਵਾਇਰਲ ਕਰਨ ਪਿਛੇ ਅਸਲ ਮੰਤਵ ਦੇਸ਼ ਦੇ ਲੋਕਾਂ ਵਿੱਚ ਡਰ ਪੈਦਾ ਕਰਨਾ ਸੀ। ਏਜੰਸੀ ਦੇ ਬੁਲਾਰੇ ਨੇ ਕਿਹਾ ਕਿ ਐਨ ਆਈ ਏ ਦੀਆਂ ਟੀਮਾਂ ਉਦੈਪੁਰ ਪਹੁੰਚ ਗਈਆਂ ਹਨ ਤੇ ਕੇਸ ਦੀ ਜਾਂਚ ਲਈ ਲੋੜੀਂਦੀ ਕਾਰਵਾਈ ਆਰੰਭ ਕਰ ਦਿੱਤੀ ਹੈ। ਐਨ ਆਈ ਏ ਨੇ ਇਸ ਕੇਸ ਵਿੱਚ ਆਈ ਪੀ ਸੀ (ਇੰਡੀਅਨ ਪੀਨਲ ਕੋਡ) ਅਤੇ ਅੱਤਵਾਦ ਵਿਰੋਧੀ ਯੂ ਏ ਪੀ ਏ ਦੀਆਂ ਕਈ ਧਾਰਾਵਾਂ ਜੋੜੀਆਂ ਹਨ। ਉਦੈਪੁਰ ਵਿੱਚ ਹਾਲਾਤ ਦੀ ਘੋਖ ਪਿੱਛੋਂ ਮੁੱਖ ਮੰਤਰੀ ਗਹਿਲੋਤ ਨੇ ਦੱਸਿਆ ਕਿ ਉਦੈਪੁਰ ਕਤਲ ਕੇਸ ਵਿੱਚ ਸ਼ਾਮਲ ਦੋਸ਼ੀਆਂ ਨੂੰ ਫੜਨ ਵਾਲੇ ਪੰਜ ਪੁਲਸ ਮੁਲਾਜ਼ਮਾਂ ਤੇਜਪਾਲ, ਨਰਿੰਦਰ, ਸ਼ੌਕਤ, ਵਿਕਾਸ ਅਤੇ ਗੌਤਮ ਨੂੰ ਸਮੇਂ ਤੋਂ ਪਹਿਲਾਂ ਤਰੱਕੀ ਦੇਣ ਦਾ ਫੈਸਲਾ ਕੀਤਾ ਗਿਆ ਹੈ।



ਵਰਨਣ ਯੋਗ ਹੈ ਕਿ ਪੈਗੰਬਰ ਮੁਹੰਮਦ ਬਾਰੇ ਵਿਵਾਦਤ ਬਿਆਨ ਦੇਣ ਵਾਲੀ ਭਾਜਪਾ ਦੀ ਬੁਲਾਰਾ ਨੂਪੁਰ ਸ਼ਰਮਾ ਦੀ ਹਿਮਾਇਤ ਕਰਨ ਵਾਲੇ ਕਨ੍ਹਈਆ ਲਾਲ ਦੀ ਦੋ ਜਣਿਆਂ ਨੇ ਮੰਗਲਵਾਰ ਝੋਨਾ ਮੰਡੀ ਇਲਾਕੇ ਵਿੱਚ ਉਸ ਦੀ ਦੁਕਾਨ ਵਿੱਚ ਗਲਾ ਵੱਢ ਕੇ ਹੱਤਿਆ ਕਰ ਦਿੱਤੀ ਸੀ। ਇਸ ਮਗਰੋਂ ਇਸ ਪੂਰੀ ਘਟਨਾ ਦੀ ਵੀਡੀਓ ਆਨਲਾਈਨ ਪੋਸਟ ਕਰ ਕੇ ਕਾਤਲਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਇਸਲਾਮ ਦੀ ਬੇਇੱਜ਼ਤੀ ਦਾ ਬਦਲਾ ਲਿਆ ਹੈ। ਦੋਸ਼ੀਆਂ ਰਿਆਜ਼ ਅਖਤਾਰੀ ਅਤੇ ਗਾਊਸ ਮੁਹੰਮਦ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ।

ਇਸ ਦੌਰਾਨ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ (ਏ ਆਈ ਐਮ ਪੀ ਐਲ ਬੀ) ਅਤੇ ਜਮਾਇਤ ਉਲੇਮਾ-ਏ-ਹਿੰਦ ਸਣੇ ਕਈ ਪ੍ਰਮੁੱਖ ਮੁਸਲਿਮ ਜਥੇਬੰਦੀਆਂ ਨੇ ਉਦੈਪੁਰ ਵਿੱਚ ਦਰਜੀ ਦੀ ਬੇਰਹਿਮ ਹੱਤਿਆ ਦੀ ਨਿਖੇਧੀ ਕਰਦਿਆਂ ਇਸ ਨੂੰ ਗੈਰ ਇਸਲਾਮਿਕ ਦੱਸਿਆ ਹੈ। ਜਥੇਬੰਦੀਆਂ ਨੇ ਕਿਹਾ ਕਿ ਕਿਸੇ ਨੂੰ ਵੀ ਕਾਨੂੰਨ ਆਪਣੇ ਹੱਥ ਲੈਣ ਦਾ ਅਧਿਕਾਰ ਨਹੀਂ ਹੈ। ਦਿੱਲੀ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਸੱਯਦ ਅਹਿਮਦ ਬੁਖਾਰੀ ਨੇ ਹੱਤਿਆ ਨੂੰ 'ਬੁਜ਼ਦਿਲਾਨਾ ਕਾਰਵਾਈ' ਅਤੇ 'ਇਸਲਾਮ ਵਿਰੁੱਧ ਕਾਰਵਾਈ' ਕਰਾਰ ਦਿੱਤਾ ਹੈ।

ਦੂਜੇ ਪਾਸੇ ਇੱਕ ਖਾਸ ਵਰਗ ਨੂੰ ਪਤਿਆਉਣ ਦੇ ਦੋਸ਼ਾਂ ਲਈ ਭਾਜਪਾ ਉੱਤੇ ਮੋੜਵਾਂ ਵਾਰ ਕਰਦਿਆਂ ਕਾਂਗਰਸ ਨੇ ਕੱਲ੍ਹ ਇੱਥੇ ਕਿਹਾ ਕਿ ਰਾਜਸਥਾਨ ਦੀ ਅਸ਼ੋਕ ਗਹਿਲੋਤ ਸਰਕਾਰ ਆਪਣੇ ਰਾਜ ਧਰਮ ਬਾਰੇ ਜਾਗਰੂਕ ਹੈ ਅਤੇ ਦਰਜੀ ਦੇ ਬੇਰਹਿਮੀ ਨਾਲ ਕੀਤੇ ਕਤਲ ਦੇ ਕੇਸ ਵਿੱਚ ਕਾਰਵਾਈ ਧਰਮ ਜਾਂ ਜਾਤ ਤੋਂ ਉਪਰ ਉਠ ਕੇ ਕਾਨੂੰਨ ਮੁਤਾਬਕ ਹੋਵੇਗੀ, ਪਰ ਭਾਜਪਾ ਨੇ ਕਨ੍ਹਈਆ ਲਾਲ ਦੀ ਹੱਤਿਆ ਨੂੰ ਇੱਕ ਕਤਲ ਨਹੀਂ, ਦਹਿਸ਼ਤੀ ਹਮਲਾ ਆਖਿਆ ਹੈ। ਭਾਜਪਾ ਨੇ ਕਿਹਾ ਕਿ ਇਸ ਭਿਆਨਕ ਜੁਰਮ ਲਈ ਰਾਜਸਥਾਨ ਦੀ ਕਾਂਗਰਸ ਸਰਕਾਰ ਜ਼ਿੰਮੇਵਾਰ ਹੈ। ਪਾਰਟੀ ਦਾ ਦਾਅਵਾ ਹੈ ਕਿ ਗਹਿਲੋਤ ਸਰਕਾਰ ਦੀ ਇੱਕ ਖਾਸ ਫਿਰਕੇ ਨੂੰ ਪਤਿਆਉਣ ਦੀ ਨੀਤੀ ਕਰ ਕੇ ਸੂਬੇ ਵਿੱਚ ਦਹਿਸ਼ਤੀ ਜਥੇਬੰਦੀਆਂ ਵਧ ਰਹੀਆਂ ਹਨ।






### ਯਸ਼ਵੰਤ ਸਿਨਹਾ ਨੇ ਕਿਹਾ:

# ਸਾਨੂੰ ਰਬੜ ਸਟੈਂਪ ਨਹੀਂ, ਬੋਲਣ ਵਾਲੇ ਰਾਸ਼ਟਰਪਤੀ ਦੀ ਲੋੜ



ਤਿਰੂਵੰਥਾਪੁਰਮ, 30 ਜੂਨ (ਪੋਸਟ ਬਿਊਰੋ)- ਰਾਸ਼ਟਰਪਤੀ ਅਹੁਦੇ ਦੀ ਚੋਣ ਵਿੱਚ ਵਿਰੋਧੀ ਧਿਰ ਦੇ ਸਾਂਝੇ ਉਮੀਦਵਾਰ ਯਸ਼ਵੰਤ ਸਿਨਹਾ ਨੇ ਕਿਹਾ ਹੈ ਕਿ ਰਾਸ਼ਟਰਪਤੀ ਭਵਨ ਵਿੱਚ ਚੁਣ ਕੇ ਜਾਣ ਵਾਲਾ ਵਿਅਕਤੀ ਰਬੜ ਸਟੈਂਪ ਨਹੀਂ, ਸਗੋਂ ਮਸਲਿਆਂ ਉੱਤੇ ਵਿਚਾਰ ਕਰ ਕੇ ਬੋਲਣ ਵਾਲਾ ਹੋਣਾ ਚਾਹੀਦਾ ਹੈ।

ਐਨ ਡੀ ਏ ਉਮੀਦਵਾਰ ਦਰੋਪਤੀ ਮੁਰਮੂ ਦੇ ਨਾਮਜ਼ਦਗੀ ਪੱਤਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੇਸ਼ ਕੀਤੇ ਜਾਣ ਦੀ ਆਲੋਚਨਾ ਕਰਦਿਆਂ ਯਸ਼ਵੰਤ ਸਿਨਹਾ ਨੇ ਕਿਹਾ ਕਿ ਮੈਂ ਤਾਂ ਖੁਦ ਆਪਣੇ ਕਾਗਜ਼ ਪੇਸ਼ ਕੀਤੇ ਸਨ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ, ''ਦੇਸ਼ ਨੂੰ ਅਜਿਹੇ ਰਾਸ਼ਟਰਪਤੀ ਦੀ ਲੋੜ ਹੈ, ਜੋ ਸੰਵਿਧਾਨ ਦੀ ਨਿਰਪੱਖ ਰਹਿ ਕੇ ਰਾਖੀ ਕਰੇ। ਜਦੋਂ ਗਣਤੰਤਰ ਦੇ ਅਦਾਰੇ ਸੰਵਿਧਾਨਕ ਸਿਧਾਂਤਾਂ ਤੋਂ ਥਿੜਕਣ ਤਾਂ ਰਾਸ਼ਟਰਪਤੀ ਡਰ ਜਾਂ ਕਿਸੇ ਪੱਖਪਾਤ ਦੇ ਬਿਨਾਂ ਆਪਣੇ ਦਿਮਾਗ ਦੀ ਵਰਤੋਂ ਕਰੇ। ਮੈਂ ਦੇਸ਼ ਦੇ ਲੋਕਾਂ ਨੂੰ ਭਰੋਸਾ ਦਿੰਦਾ ਹਾਂ ਕਿ ਜੇ ਮੈਂ ਰਾਸ਼ਟਰਪਤੀ ਅਹੁਦੇ ਲਈ ਚੁਣਿਆ ਗਿਆ ਤਾਂ ਮੈਂ ਸੰਵਿਧਾਨ ਨਿਰਮਾਤਾਵਾਂ ਵੱਲੋਂ ਦੱਸੇ ਮਾਰਗ ਉੱਤੇ ਚੱਲਾਂਗਾ।'' ਸਾਬਕਾ ਕੇਂਦਰੀ ਮੰਤਰੀ ਯਸ਼ਵੰਤ ਸਿਨਹਾ ਨੇ ਅਗਨੀਪਥ ਯੋਜਨਾ ਦੀ ਵੀ ਆਲੋਚਨਾ ਕੀਤੀ ਤੇ ਕਿਹਾ ਕਿ ਇਹ ਪੇਸ਼ ਕਰਨ ਤੋਂ ਪਹਿਲਾਂ ਲੋੜੀਂਦਾ ਵਿਚਾਰ ਵਟਾਂਦਰਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਬੇਰੁਜ਼ਗਾਰੀ ਨਾਲ ਨਜਿੱਠਣ ਦਾ ਇਹ ਕੋਈ ਰਾਹ ਨਹੀਂ ਹੈ।

## ਟਵਿਟਰ ਅਜੇ ਤੱਕ ਭਾਰਤ ਦੇ ਆਈ ਟੀ ਨਿਯਮ ਨਹੀਂ ਮੰਨਦਾ?

ਨਵੀਂ ਦਿੱਲੀ, 30 ਜੂਨ (ਪੋਸਟ ਬਿਊਰੋ)- ਟਵਿਟਰ ਦੀ ਮੁਸੀਬਤ ਘੱਟ ਹੋਣ ਦਾ ਨਾਮ ਨਹੀਂ ਲੈ ਰਹੀ। ਇੱਕ ਪਾਸੇ ਜਿੱਥੇ ਟਵਿਟਰ ਅਤੇ ਐਲਨ ਮਸਕ ਦੀ ਡੀਲ ਅਟਕੀ ਪਈ ਹੈ, ਉਥੇ ਟਵਿਟਰ ਇੰਡੀਆ ਨੂੰ ਸਰਕਾਰ ਨੇ ਨਵੇਂ ਆਈ ਟੀ ਨਿਯਮਾਂ ਦੇ ਮੁਤਾਬਿਕ ਕੰਮ ਕਰਨ ਦਾ ਆਖਰੀ ਮੌਕਾ ਦਿੱਤਾ ਹੈ। ਭਾਰਤ ਸਰਕਾਰ ਨੇ ਸਾਫ ਕਿਹਾ ਹੈ ਕਿ ਇਸ ਦੇਸ਼ ਵਿੱਚ ਟਵਿਟਰ ਨੂੰ ਨਵੇਂ ਆਈ ਟੀ ਨਿਯਮਾਂ ਦੇ ਹਿਸਾਬ ਦੇ ਨਾਲ ਕੰਮ ਕਰਨਾ ਹੋਵੇਗਾ। ਇੱਕ ਰਿਪੋਰਟ ਦੇ ਮੁਤਾਬਕ ਕੇਂਦਰ ਸਰਕਾਰ ਨੇ 4 ਜੁਲਾਈ ਤਕ ਦਾ ਸਮਾਂ ਟਵਿਟਰ ਇੰਡੀਆ ਨੂੰ ਦਿੱਤਾ ਹੈ, ਜੇ ਟਵਿਟਰ ਇੰਡੀਆ ਨਵੇਂ ਆਈ ਟੀ ਰੂਲਸ ਦਾ ਪਾਲਣ ਨਹੀਂ ਕਰਦਾ ਤਾਂ ਉਸ ਨੂੰ ਇੰਟਰਮੀਡਿਅਟਰੀ ਵਾਲੇ ਫਾਇਦੇ ਨਹੀਂ ਮਿਲਣਗੇ। ਟਵਿਟਰ ਇੰਡੀਆ ਆਈ ਟੀ ਨਿਯਮਾਂ ਦੇ ਸੈਕਸ਼ਨ 69 ਹੇਠ ਕੰਟੈਂਟ ਹਟਾਉਣ ਦੇ ਭੇਜੇ ਨੋਟਿਸ ਉੱਤੇ ਜਵਾਬ ਨਹੀਂ ਦੇ ਰਿਹਾ।



# ਪੰਜਾਬੀ ਆਸਟਰੇਲੀਆ ਦੀਆਂ ਪਹਿਲੀਆਂ ਪੰਜ ਭਾਸ਼ਾਵਾਂ ਵਿੱਚ ਸ਼ਾਮਲ



ਮੈਲਬੋਰਨ, 30 ਜੂਨ (ਪੋਸਟ ਬਿਊਰੋ)- ਆਸਟ੍ਰੇਲੀਆਈ ਅੰਕੜਾ ਵਿਭਾਗ ਨੇ ਬੀਤੇ ਸਾਲ ਅਗਸਤ ਵਿੱਚ ਕਰਵਾਈ ਗਈ ਮਰਦਮਸ਼ੁਮਾਰੀ ਦੇ ਨਤੀਜੇ ਜਨਤਕ ਤੌਰ ਉੱਤੇ ਐਲਾਨ ਦਿੱਤੇ ਹਨ।

ਕੌਮੀ ਪੱਧਰ ਉੱਤੇ ਕਰਵਾਈ ਗਈ ਇਸ ਜਨਗਣਤਾ ਦੇ ਆਧਾਰ ਉੱਤੇਦੇਸ਼ ਵਿਚਲੇ ਵੱਖ-ਵੱਖ ਭਾਈਚਾਰਿਆਂ, ਧਰਮਾਂ, ਭਾਸ਼ਾਵਾਂ, ਕੌਮਾਂ ਦੀ ਗਿਣਤੀ ਆਦਿ ਤੱਥਾਂ ਦੀ ਪੜਚੋਲ ਕੀਤੀ ਗਈ।ਆਸਟ੍ਰੇਲੀਆਈ ਘਰਾਂ ਵਿੱਚ 350 ਤੋਂ ਵੱਧ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਭਾਸ਼ਾ ਆਸਟ੍ਰੇਲੀਆਈ ਘਰਾਂ ਵਿੱਚ ਆਮ ਬੋਲਚਾਲ ਵਜੋਂ ਜਾਣੀਆਂ ਜਾਂਦੀਆਂ ਸਿਖਰਲੀਆਂ ਪੰਜ ਭਾਸ਼ਾਵਾਂ ਵਿੱਚ ਸ਼ਾਮਲ ਹੋ ਗਈ ਹੈ ਅਤੇ ਇਹ ਆਸਟ੍ਰੇਲੀਆ ਵਿੱਚ ਤੇਜ਼ੀ ਨਾਲ ਵਿਕਸਿਤ ਹੋਣ ਵਾਲੀਆਂ ਭਾਸ਼ਾਵਾਂ ਵਿੱਚੋਂ ਇੱਕ ਹੈ। ਅੰਗਰੇਜ਼ੀ ਤੋਂ ਇਲਾਵਾ ਘਰ ਵਿੱਚ ਬੋਲੀ ਜਾਂਦੀ ਭਾਸ਼ਾ ਵਜੋਂ ਮੈਂਡਰਿਨ, ਅਰਬੀ, ਵੀਅਤਨਾਮੀ ਅਤੇ ਕੈਂਟੋਨਿਸ ਤੋਂ ਬਾਅਦ ਪੰਜਵਾਂ ਸਥਾਨ ਰੱਖਣ ਵਾਲੀ ਪੰਜਾਬੀ ਭਾਸ਼ਾ ਵਿੱਚ 2016 ਦੀ ਮਰਦਮਸ਼ੁਮਾਰੀ ਦੇ ਮੁਕਾਬਲੇ 80 ਫ਼ੀਸਦੀ ਵਾਧਾ ਹੋਇਆ ਹੈ।

ਅੰਕੜਿਆਂ ਮੁਤਾਬਕ ਆਸਟ੍ਰੇਲੀਆ ਦੀ ਕੁੱਲ ਆਬਾਦੀ 25,766,605 ਤੋਂ ਵੱਧ ਦਰਜ ਕੀਤੀ ਗਈ, ਜਿਸ ਵਿੱਚ ਔਰਤਾਂ ਦੀ ਗਿਣਤੀ 50.7 ਫ਼ੀਸਦੀ ਅਤੇ ਮਰਦਾਂ ਦੀ 49.3 ਫ਼ੀਸਦੀ ਹੈ। ਹੋਰ ਦੇਸ਼ਾਂ ਵਿੱਚ ਜਨਮ ਲੈ ਕੇ ਆਸਟ੍ਰੇਲੀਆ ਵਿੱਚ ਪ੍ਰਵਾਸੀਆਂ ਵਜੋਂ ਰਹਿੰਦੇ ਲੋਕਾਂ ਵਿੱਚ ਆਸਟ੍ਰੇਲੀਆ, ਇੰਗਲੈਂਡ ਮਗਰੋਂ ਭਾਰਤ ਤੀਜੇ ਥਾਂ ਉੱਤੇ ਕਾਬਜ਼ ਹੋ ਗਿਆ ਹੈ। ਭਾਰਤੀ ਮੂਲ ਦੇ ਲੋਕਾਂ ਬਾਰੇ ਆਸਟ੍ਰੇਲੀਆਈ ਅੰਕੜਾ ਵਿਭਾਗ ਵੱਲੋਂ ਸਾਂਝੀ ਕੀਤੀ ਜਾਣਕਾਰੀ ਤਹਿਤ ਮੁਲਕ ਵਿੱਚ ਪੰਜਾਬੀਆਂ ਦੀ ਅਬਾਦੀ ਵੱਧ ਕੇ 239,033 ਹੋ ਗਈ ਹੈ, ਜੋ ਸਾਲ 2016 ਦੀ ਮਰਦਮਸ਼ੁਮਾਰੀ ਦੌਰਾਨ 132,490 ਸੀ। ਇਸ ਤਾਜ਼ਾ ਗਿਣਤੀ ਵਿੱਚ 209000 ਲੋਕ ਸਿੱਖ ਭਾਈਚਾਰੇ ਨਾਲ ਸਬੰਧਤ ਹਨ।ਸਭ ਤੋਂ ਵੱਧ ਪੰਜਾਬੀ ਵਿਕਟੋਰੀਆ ਸੂਬੇ ਵਿੱਚ ਰਹਿੰਦੇ ਹਨ, ਜਿਨ੍ਹਾਂ ਦੀ ਗਿਣਤੀ 104949 ਹੈ। ਨਿਊ ਸਾਊਥ ਵੇਲਜ਼ ਵਿੱਚ 53460, ਕੁਈਜ਼ਲੈਂਡ ਵਿੱਚ 30873, ਪੱਛਮੀ ਆਸਟ੍ਰੇਲੀਆ ਵਿੱਚ 20613, ਦੱਖਣੀ ਆਸਟ੍ਰੇਲੀਆ ਵਿੱਚ 20004, ਆਸਟ੍ਰੇਲੀਅਨ ਕੈਪੀਟਲ ਟੈਰੀਟਰੀ 5019, ਤਸਮਾਨੀਆਵਿੱਚ 2556 ਅਤੇ ਨਾਰਦਰਨ ਟੈਰੀਟਰੀ ਵਿੱਚ 1563 ਪੰਜਾਬੀਆਂ ਦੀ ਗਿਣਤੀ ਦਰਜ ਕੀਤੀ ਗਈ।ਇਸ ਜਨਗਣਨਾ ਵਿੱਚ ਆਸਟ੍ਰੇਲੀਆਈ ਮੂਲ ਵਾਸੀਆਂ, ਵੱਖ-ਵੱਖ ਰਾਜਾਂ ਵਿੱਚ ਰਹਿੰਦੇ ਲੋਕਾਂ ਦਾ ਆਮਦਨ ਪੱਧਰ, ਕਿਰਾਏ ਅਤੇ ਖਰੀਦੇ ਹੋਏ ਘਰਾਂ ਦਾ ਵੇਰਵਾ, ਔਸਤ ਉਮਰ ਤੇ ਆਪਸੀ ਰਿਸ਼ਤਿਆਂ ਵਿੱਚ ਇੱਕਸਾਰਤਾ ਦੇ ਤੱਥਾਂ ਦਾ ਵੀ ਮੁਲਾਂਕਣ ਕੀਤਾ ਗਿਆ। ਮਰਦਮਸ਼ੁਮਾਰੀ ਦੌਰਾਨ ਪੰਜਾਬੀ ਭਾਈਚਾਰੇਵੱਲੋਂ ਆਪਣੀ ਪਛਾਣ ਨੂੰ ਕਾਨੂੰਨੀ ਮਾਨਤਾ ਪ੍ਰਾਪਤ ਕਰਵਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਸਨ। ਹਰ ਪੰਜਵੇਂ ਸਾਲ ਹੋਣ ਵਾਲੀ ਇਸ ਮਰਦਮਸ਼ੁਮਾਰੀ ਤੋਂ ਬਾਅਦ ਮਿਲਣ ਵਾਲੇ ਅੰਕੜਿਆਂ ਦੇ ਆਧਾਰ ਉੱਤੇ ਭਵਿੱਖੀ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ।

# ਬ੍ਰੈਗਜ਼ਿਟ ਨਿਯਮਾਂ ਨੂੰ ਬਦਲਣ ਲਈ ਬੌਰਿਸ ਜੌਨਸਨ ਨੂੰ ਪਾਰਲੀਮੈਂਟ ਤੋਂ ਪਹਿਲੀ ਪ੍ਰਵਾਨਗੀ ਮਿਲੀ



ਲੰਡਨ, 30 ਜੂਨ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਦੇ ਯੂਰਪੀਅਨ ਯੂਨੀਅਨ ਨਾਲ 'ਬ੍ਰੈਗਜ਼ਿਟ ਤੋਂ ਬਾਅਦ' ਵਪਾਰਕ ਸੌਦੇ ਦੇ ਕੁਝ ਹਿੱਸਿਆਂ ਨੂੰ ਰੱਦ ਕਰਨ ਲਈ ਪਾਰਲੀਮੈਂਟ ਵੱਲੋਂ ਪਹਿਲੀ ਮਨਜ਼ੂਰੀ ਮਿਲ ਗਈ ਹੈ। ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਇਸ ਕਦਮ ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤਾ ਹੈ।

ਪਾਰਲੀਮੈਂਟ ਮੈਂਬਰਾਂ ਨੇ ਬਿੱਲ ਨੂੰ ਮੁੱਢਲੀ ਪ੍ਰਵਾਨਗੀ ਦੇ ਦਿੱਤੀ ਹੈ, ਜਿਹੜਾ ਯੂ ਕੇ ਦੇ ਅਧਿਕਾਰੀਆਂ ਨੂੰ 295 'ਚੋਂ 221 ਵੋਟਾਂ ਨਾਲ ਉਤਰੀ ਆਇਰਲੈਂਡ ਲਈ ਵਪਾਰਕ ਨਿਯਮਾਂ ਨੂੰ ਦੁਬਾਰਾ ਲਿਖਣ ਦੀ ਆਗਿਆ ਦਿੰਦਾ ਹੈ। ਜੇ ਇਹ ਬਿੱਲ ਪਾਸ ਹੋ ਜਾਂਦਾ ਹੈ, ਤਾਂ ਬਾਕੀ ਬ੍ਰਿਟੇਨ ਤੋਂ ਮੀਟ ਅਤੇ ਆਂਡੇ ਸਮੇਤ ਉਤਰੀ ਆਇਰਲੈਂਡ ਤਕ ਪਹੁੰਚ ਦੀ ਰੁਕਾਵਟ ਖ਼ਤਮ ਹੋ ਜਾਵੇਗੀ। ਇਹੀ ਕਾਰਨ ਹੈ ਕਿ ਬ੍ਰਿਟੇਨ ਨੇ 2020 ਵਿੱਚ ਯੂਰਪੀਅਨ ਯੂਨੀਅਨ ਛੱਡਣ ਤੋਂ ਪਹਿਲਾਂ ਜੋ ਵਪਾਰਕ ਸੌਦੇ ਉੱਤੇ ਦਸਤਖ਼ਤ ਕੀਤੇ ਸਨ, ਉਸ ਦੇ ਕੁਝ ਹਿੱਸਿਆਂ ਨੂੰ ਰੱਦ ਕੀਤਾ ਜਾ ਰਿਹਾ ਹੈ। ਵਿਰੋਧੀ ਧਿਰ ਦੇ ਨੇਤਾਵਾਂ ਦਾ ਕਹਿਣਾ ਹੈ ਕਿ ਇਹ ਕਦਮ ਗ਼ੈਰ-ਕਾਨੂੰਨੀ ਹੈ ਅਤੇ ਇਸ ਦਿਸ਼ਾ ਵਿੱਚ ਕੋਈ ਹੋਰ ਤਰੱਕੀ ਬ੍ਰਿਟੇਨ ਦੇ ਅੰਤਰਰਾਸ਼ਟਰੀ ਅਕਸ ਨੂੰ ਗੰਭੀਰਤਾ ਨਾਲ ਨੁਕਸਾਨ ਪਹੁੰਚਾਏਗੀ। ਯੂਰਪੀਅਨ ਯੂਨੀਅਨ ਨੇ ਕਿਹਾ ਕਿ ਜੇ ਬ੍ਰਿਟੇਨ ਬ੍ਰੈਗਜ਼ਿਟ ਤੋਂ ਬਾਅਦ ਦੇ ਸੌਦਿਆਂ ਲਈ ਨਿਯਮਾਂ ਨੂੰ ਦੁਬਾਰਾ ਲਿਖਦਾ ਹੈ ਤਾਂ ਉਹ ਇਸ ਦਾ ਜਵਾਬ ਦੇਵੇਗਾ। ਯੂਰਪੀ ਯੂਨੀਅਨ ਅਤੇ ਬਰਤਾਨੀਆਂ ਦੇ ਪੱਖ ਤੋਂ ਦੋਹਾਂ ਵੱਡੀਆਂ ਅਰਥਵਿਵਸਥਾਵਾਂ ਵਿਚਾਲੇ ਵਪਾਰਕ ਯੁੱਧ ਸ਼ੁਰੂ ਹੋਣ ਦਾ ਖਦਸ਼ਾ ਹੈ।

# ਇਮਰਾਨ ਨੇ ਵਿਦੇਸ਼ਾਂ ਦੇ ਨੇਤਾਵਾਂ ਤੋਂ ਮਿਲੀਆਂ ਘੜੀਆਂ ਵੇਚ ਕੇ 3.5 ਕਰੋੜ ਕਮਾਏ



ਇਸਲਾਮਾਬਾਦ, 30 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਵਿਦੇਸ਼ਾਂ ਦੇ ਨੇਤਾਵਾਂ ਤੋਂ ਤੋਹਫੇ ਵਿੱਚ ਮਿਲੀਆਂ ਤਿੰਨ ਮਹਿੰਗੀਆਂ ਘੜੀਆਂ ਨੂੰ ਨਾਜਾਇਜ਼ ਤਰੀਕੇ ਨਾਲ ਵੇਚ ਕੇ 3.6 ਕਰੋੜ ਰੁਪਏ ਕਮਾਏ ਸਨ। ਕੱਲ੍ਹ ਮੀਡੀਆ ਵਿੱਚ ਆਈ ਇੱਕ ਖਬਰ ਵਿੱਚ ਇਹ ਜਾਣਕਾਰੀ ਦਿੱਤੀ ਗਈ ਹੈ।

ਜਿਓ ਨਿਊਜ਼ ਨਾਲ ਸਾਂਝੀ ਕੀਤੀ ਗਈ ਅਧਿਕਾਰਤ ਜਾਣਕਾਰੀ ਮੁਤਾਬਕ ਖਾਨ ਨੇ ਪ੍ਰਧਾਨ ਮੰਤਰੀ ਰਹਿਣ ਦੌਰਾਨ ਇਨ੍ਹਾਂ ਰਤਨ ਜੜੀਆਂ ਕੀਮਤੀ ਘੜੀਆਂ ਤੋਂ ਕਰੋੜਾਂ ਰੁਪਏ ਕਮਾਏ ਹਨ, ਜਿਨ੍ਹਾਂ ਦੀ ਕੁੱਲ ਕੀਮਤ 15.4 ਕਰੋੜ ਰੁਪਏ ਹੈ। ਇਸ ਖਬਰ ਮੁਤਾਬਕ ਸਭ ਤੋਂ ਮਹਿੰਗੀ ਘੜੀ ਦੀ ਕੀਮਤ 10.1 ਕਰੋੜ ਰੁਪਏ ਸੀ, ਜਿਸ ਨੂੰ ਸਾਬਕਾ ਪ੍ਰਧਾਨ ਮੰਤਰੀ ਨੇ ਉਸ ਦੀ ਕੀਮਤ ਦਾ ਵੀਹ ਫੀਸਦੀ ਦੇ ਕੇ ਆਪਣੇ ਕੋਲ ਰੱਖਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦੀ ਸਰਕਾਰ ਨੇ 'ਤੋਸ਼ਾਖਾਨਾ' ਨਿਯਮਾਂ ਵਿੱਚ ਬਦਲਾਅ ਕੀਤਾ ਅਤੇ ਤੈਅ ਕੀਤਾ ਸੀ ਕਿ ਤੋਹਫੇ ਦੀ ਮੂਲ ਕੀਮਤ ਦਾ ਪੰਜਾਹ ਫੀਸਦੀ ਭੁਗਤਾਨ ਕਰ ਕੇ ਉਸ ਨੂੰ ਆਪਣੇ ਕੋਲ ਰੱਖਿਆ ਜਾ ਸਕਦਾ ਹੈ। ਪਾਕਿਸਤਾਨ ਦੇ ਕਾਨੂੰਨ ਮੁਤਾਬਕ ਵਿਦੇਸ਼ੀ ਨੇਤਾਵਾਂ ਤੋਂ ਮਿਲਣ ਵਾਲੇ ਕਿਸੇ ਵੀ ਤੋਹਫੇ ਨੂੰ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਾਉਣਾ ਹੁੰਦਾ ਹੈ।

ਖਬਰ ਵਿੱਚ ਦਸਤਾਵੇਜ਼ਾਂ ਤੇ ਵਿਕਰੀ ਦੀਆਂ ਰਸੀਦਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਤੋਸ਼ਾਖਾਨੇ ਤੋਂ ਆਪਣੇ ਪੈਸੇ ਨਾਲ ਇਨ੍ਹਾਂ ਕੀਮਤੀ ਘੜੀਆਂ ਨੂੰ ਖਰੀਦਣ ਦੇ ਥਾਂ ਸਾਬਕਾ ਕ੍ਰਿਕਟਰ ਇਮਰਾਨ ਖਾਨ ਨੇ ਪਹਿਲਾਂ ਘੜੀਆਂ ਨੂੰ ਵੇਚਿਆ ਅਤੇ ਹਰ ਘੜੀ ਦੀ ਕੀਮਤ ਦਾ ਵੀਹ ਫੀਸਦੀ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾ ਦਿੱਤਾ, ਪਰ ਤੋਹਫਿਆਂ ਨੂੰ ਕਦੇ ਵੀ ਤੋਸ਼ਾਖਾਨੇ ਵਿੱਚ ਜਮ੍ਹਾਂ ਨਹੀਂ ਕਰਾਇਆ। ਕਿਸੇ ਵੀ ਸਰਕਾਰੀ ਅਧਿਕਾਰੀ ਲਈ ਜ਼ਰੂਰੀ ਹੈ ਕਿ ਉਹ ਉਸ ਨੂੰ ਮਿਲੇ ਤੋਹਫੇ ਦੇ ਬਾਰੇ ਫੌਰਨ ਸੂਚਨਾ ਦੇਵੇ ਤਾਂ ਕਿ ਉਸ ਦੀ ਕੀਮਤ ਦਾ ਮੁੱਲਾਂਕਣ ਕੀਤਾ ਜਾ ਸਕੇ।

# ਆਈ ਐਮ ਐਫ ਨੇ ਕਰਜ਼ਾ ਸਹੂਲਤ ਬਹਾਲ ਕਰਨ ਲਈ ਪਾਕਿਸਤਾਨ ਅੱਗੇ ਸ਼ਰਤਾਂ ਰੱਖੀਆਂ



ਇਸਲਾਮਾਬਾਦ, 30 ਜੂਨ (ਪੋਸਟ ਬਿਊਰੋ)- ਅੰਤਰਰਾਸ਼ਟਰੀ ਕਰੰਸੀ ਕੋਸ਼ (ਆਈ ਐਮ ਐਫ) ਨੇ ਛੇ ਅਰਬ ਡਾਲਰ ਦੀ ਕਰਜ਼ਾ ਸਹੂਲਤ ਬਹਾਲ ਕਰਨ ਲਈ ਖਸਤਾਹਾਲ ਪਾਕਿਸਤਾਨ ਅੱਗੇ ਸਖਤ ਸ਼ਰਤਾਂ ਰੱਖੀਆਂ ਹਨ। ਇਨ੍ਹਾਂ ਵਿੱਚ ਬਿਜਲੀ ਦੀਆਂ ਦਰਾਂ ਵਧਾਉਣਾ ਤੇ ਪੈਟਰੋਲੀਅਮ ਉਤਪਾਦਾਂ ਉੱਤੇ ਲੇਵੀ ਲਾਉਣੀ ਆਦਿ ਸ਼ਾਮਲ ਹਨ।

ਆਈ ਐਮ ਐਫ ਨੇ ਇਹ ਸ਼ਰਤਾਂ ਓਦੋਂ ਲਾਈਆਂ ਹਨ, ਜਦੋਂ ਪਾਕਿਸਤਾਨ ਨੇ ਕਰਜ਼ਾ ਹਾਸਲ ਕਰਨ ਲਈ ਕੁਝ ਹੀ ਦਿਨ ਪਹਿਲਾਂ ਉਸ ਨਾਲ ਇੱਕ ਸਮਝੌਤੇ ਉੱਤੇ ਦਸਤਖਤ ਕੀਤੇ ਹਨ।ਪਾਕਿਸਤਾਨੀ ਮੀਡੀਆ ਦੀ ਇੱਕ ਰਿਪੋਰਟ ਮੁਤਾਬਕ ਆਈ ਐਮ ਐਫ ਨੇ ਪਾਕਿਸਤਾਨ ਨੂੰ ਭ੍ਰਿਸ਼ਟਾਚਾਰ ਰੋਕੂ ਕਾਰਜ ਫੋਰਸ ਵੀ ਬਣਾਉਣ ਲਈ ਕਿਹਾ ਹੈ। ਇਹ ਫੋਰਸ ਅੱਗੋਂ ਸਰਕਾਰੀ ਵਿਭਾਗਾਂ ਵਿੱਚ ਭ੍ਰਿਸ਼ਟਾਚਾਰ ਰੋਕਣ ਲਈ ਮੌਜੂਦ ਕਾਨੂੰਨਾਂ ਦੀ ਸਮੀਖਿਆ ਕਰੇਗੀ। ਅਖਬਾਰ ਡਾਨ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਇਨ੍ਹਾਂ ਸ਼ਰਤਾਂ ਦੀ ਪਾਲਣਾ ਮਗਰੋਂ ਆਈ ਐਮ ਐਫ ਕਰਜ਼ੇ ਨੂੰ ਮਨਜ਼ੂਰੀ ਦੇਣ ਅਤੇ ਪ੍ਰੋਗਰਾਮ ਨੂੰ ਬਹਾਲ ਕਰਨ ਦੀ ਪਾਕਿ-ਸਤਾਨ ਦੀ ਅਪੀਲ ਨੂੰ ਕਾਰਜਕਾਰੀ ਡਾਇਰੈਕਟਰੋਰੇਟ ਅੱਗੇ ਪੇਸ਼ ਕਰੇਗਾ। ਇਸ ਪ੍ਰਕਿਰਿਆ ਵਿੱਚ ਇੱਕ ਮਹੀਨਾ ਹੋਰ ਲੱਗ ਸਕਦਾ ਹੈ।ਐਕਸਪ੍ਰੈਸ ਟ੍ਰਿਬਿਊਨ ਦੀ ਰਿਪੋਰਟ ਮੁਤਾਬਕ ਆਈ ਐਮ ਐਫ ਦੀਆਂ ਸ਼ਰਤਾਂ ਅਨੁਸਾਰ ਸਰਕਾਰ ਪੈਟਰੋਲੀਅਮ ਉਤਪਾਦਾਂ ਉੱਤੇ ਪੰਜਾਹ ਰੁਪਏ ਲੀਟਰ ਦੀ ਦਰ ਨਾਲ ਟੈਕਸ ਲਾਉਣ ਉੱਤੇ ਵਿਚਾਰ ਕਰ ਰਹੀ ਹੈ, ਤਾਂ ਜੋ 855 ਅਰਬ ਡਾਲਰ ਦੀ ਰਾਸ਼ੀ ਜੋੜ ਸਕੇ। ਸਰਕਾਰ ਤੇਲ ਦੇ ਮੁੱਲ ਮਿਥਣ ਵਿੱਚ ਆਪਣੀ ਭੂਮਿਕਾ ਵੀ ਸਮਾਪਤ ਕਰਨ ਜਾ ਰਹੀ ਹੈ ਤੇ ਇਨ੍ਹਾਂ ਫੈਸਲਿਆਂ ਦੀ ਸਿਫਾਰਸ਼ ਲਈ ਉਸ ਨੇ ਬੀਤੇ ਦਿਨ ਨੈਸ਼ਨਲ ਅਸੈਂਬਲੀ ਵਿੱਚ ਮਤਾ ਰੱਖਿਆ ਹੈ, ਤਾਂ ਜੋ ਪੈਟਰੋਲੀਅਮ ਉਤਪਾਦ (ਪੈਟਰੋਲੀਅਮ ਲੇਵੀ) ਐਕਟ 1961 ਵਿੱਚ ਸੋਧ ਕੀਤੀ ਜਾ ਸਕੇ।










## ਨਾਟੋ ਆਗੂਆਂ ਵੱਲੋਂ ਇਤਿਹਾਸਕ ਫੈਸਲੇ ਕਰਨ ਦਾ ਸੰਕੇਤ, ਤੈਅ ਨਹੀਂ ਹੈ ਕੈਨੇਡਾ ਦੀ ਭੂਮਿਕਾ

ਮੈਡਰਿਡ, 30 ਜੂਨ (ਪੋਸਟ ਬਿਊਰੋ) : 24 ਫਰਵਰੀ ਦੀ ਸਵੇਰ ਨੂੰ ਰੂਸ ਦੀਆਂ ਫੌਜਾਂ ਨੇ ਯੂਕਰੇਨ ਉੱਤੇ ਚੜ੍ਹਾਈ ਕਰ ਦਿੱਤੀ। ਇਹ ਹਮਲਾ ਜ਼ਮੀਨੀ , ਸਮੁੰਦਰੀ ਤੇ ਹਵਾਈ ਰਸਤੇ ਰਾਹੀਂ ਕੀਤਾ ਗਿਆ, ਮਿੰਟਾਂ ਵਿੱਚ ਹੀ ਯੂਕਰੇਨ ਦੇ ਕਈ ਸ਼ਹਿਰਾਂ ਵਿੱਚ ਹਮਲੇ ਕਾਰਨ ਉੱਥੋਂ ਦਾ ਨਕਸ਼ਾ ਹੀ ਬਦਲ ਗਿਆ। ਦੂਜੀ ਵਿਸ਼ਵ ਜੰਗ ਤੋਂ ਬਾਅਦ ਤੋਂ ਹੀ ਅਜਿਹਾ ਮੰਜ਼ਰ ਯੂਰਪ ਨੇ ਕਦੇ ਨਹੀਂ ਸੀ ਵੇਖਿਆ।



ਇਸ ਹਮਲੇ ਦੇ ਸ਼ੁਰੂ ਹੋਣ ਤੋਂ ਲੈ ਕੇ ਆਉਣ ਵਾਲੇ ਕਈ ਮਹੀਨਿਆਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਮਾਰੇ ਜਾ ਚੁੱਕੇ ਹਨ, ਕਈ ਮਿਲੀਅਨ ਲੋਕ ਬੇਘਰ ਹੋ ਚੁੱਕੇ ਹਨ, ਕਈਆਂ ਥਾਂਵਾਂ ਉੱਤੇ ਸੋਕਾ ਪੈ ਗਿਆ ਹੈ, ਫਿਊਲ ਦੀ ਘਾਟ ਪੈਦਾ ਹੋ ਚੁੱਕੀ ਹੈ ਤੇ ਗੱਲ ਕੀ ਇਸ ਨਾਲ ਪੂਰੀ ਦੁਨੀਆ ਦੇ ਹਾਲਾਤ ਹੀ ਬਦਲ ਗਏ ਹਨ।

ਹੁਣ ਸਪੇਨ ਵਿੱਚ ਚੱਲ ਰਹੀ ਵਿਸ਼ਵ ਦੇ ਉੱਘੇ ਆਗੂਆਂ ਦੀ ਸਿਖਰ ਵਾਰਤਾ ਵਿੱਚ ਨੌਰਥ ਐਟਲਾਂਟਿਕ ਟ੍ਰੀਟੀ ਆਰਗੇਨਾਈਜ਼ੇਸ਼ਨ (ਨਾਟੋ) ਗੱਠਜੋੜ ਨੂੰ ਓਵਰਹਾਲ ਕਰਨ ਦਾ ਫੈਸਲਾ ਕੀਤਾ ਗਿਆ ਹੈ।ਪਰ ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਸ ਨਵੀਂ ਰਣਨੀਤੀ ਵਿੱਚ ਕੈਨੇਡਾ ਨੂੰ ਕਿਹੋ ਜਿਹੀ ਭੂਮਿਕਾ ਨਿਭਾਉਣੀ ਹੋਵੇਗੀ।

ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਗਏ ਹਮਲੇ ਦਾ ਕਿਸ ਤਰ੍ਹਾਂ ਜਵਾਬ ਦਿੱਤਾ ਜਾਵੇ ਇਸ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਮੇਤ ਨਾਟੋ ਆਗੂ ਮੈਡਰਿਡ ਵਿੱਚ ਇੱਕਠੇ ਹੋਏ ਹਨ। ਨਾਟੋ ਦੇ ਸਕੱਤਰ ਜਨਰਲ ਜੈੱਸ ਸਟੋਲਨਬਰਗ ਨੇ ਬੁੱਧਵਾਰ ਨੂੰ ਸਿਖਰ ਵਾਰਤਾ ਵਿੱਚ ਪਹੁੰਚਣ ਉਪਰੰਤ ਆਖਿਆ ਕਿ ਦੂਜੀ ਵਿਸ਼ਵ ਜੰਗ ਤੋਂ ਬਾਅਦ ਇਸ ਤਰ੍ਹਾਂ ਦਾ ਸੰਕਟ ਪਹਿਲੀ ਵਾਰੀ ਪੈਦਾ ਹੋਇਆ ਹੈ ਤੇ ਇਸ ਦੇ ਸਕਿਊਰਿਟੀ ਸੰਕਟ ਦਰਮਿਆਨ ਅਸੀਂ ਪਹਿਲੀ ਵਾਰੀ ਮੁਲਾਕਾਤ ਕਰ ਰਹੇ ਹਾਂ। ਉਨ੍ਹਾਂ ਆਖਿਆ ਕਿ ਇਸ ਵਾਰਤਾ ਦੌਰਾਨ ਕਈ ਇਤਿਹਾਸਕ ਫੈਸਲੇ ਲਏ ਜਾਣਗੇ ਤੇ ਇਸ ਵਾਰਤਾ ਤੋਂ ਬਾਅਦ ਕਈ ਤਬਦੀਲੀਆਂ ਵੇਖਣ ਨੂੰ ਮਿਲਣਗੀਆਂ। ਇਸ ਮੀਟਿੰਗ ਤੋਂ ਇਲਾਵਾ ਵੱਖਰੀ ਮੀਟਿੰਗ ਵਿੱਚ ਯੂਕਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੈਲੈਂਸਕੀ ਵੱਲੋਂ ਵੀ ਇਨ੍ਹਾਂ ਆਗੂਆਂ ਨੂੰ ਸੰਬੋਧਤ ਕਰਨ ਦੀ ਉਮੀਦ ਹੈ।

## ਗੰਨ ਹਿੰਸਾ ਰੋਕਣ ਲਈ ਫੈਡਰਲ ਸਰਕਾਰ ਨੇ ਕੀਤਾ 12 ਮਿਲੀਅਨ ਡਾਲਰ ਨਿਵੇਸ਼ ਕਰਨ ਦਾ ਐਲਾਨ

ਓਟਵਾ, 30 ਜੂਨ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ 12 ਮਿਲੀਅਨ ਡਾਲਰ ਟੋਰਾਂਟੋ ਦੀਆਂ ਉਨ੍ਹਾਂ ਕਮਿਊਨਿਟੀ ਆਗਰੇਨਾਈਜ਼ੇਸ਼ਨਜ਼ ਨੂੰ ਦਿੱਤਾ ਜਾ ਰਿਹਾ ਹੈ ਜਿਨ੍ਹਾਂ ਦਾ ਮੁੱਖ ਟੀਚਾ ਗੰਨਜ਼ ਤੇ ਗੈਂਗ ਹਿੰਸਾ ਨੂੰ ਰੋਕਣਾ ਹੀ ਨਹੀਂ ਸਗੋਂ ਇਸ ਸਮੱਸਿਆ ਨੂੰ ਜੜ੍ਹ ਤੋਂ ਖ਼ਤਮ ਕਰਨਾ ਹੈ।



ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੋਸਿਨੋ ਨੇ ਮੇਅਰ ਜੌਹਨ ਟੋਰੀ ਦੇ ਨਾਲ ਇਸ ਸਬੰਧ ਵਿੱਚ ਐਲਾਨ ਕੀਤਾ।ਉਨ੍ਹਾਂ ਆਖਿਆ ਕਿ ਇਹ ਫੰਡਿੰਗ ਬਿਲਡਿੰਗ ਸੇਫਰ ਕਮਿਊਨਿਟੀਜ਼ ਫੰਡ ਵੱਲੋਂ ਆਵੇਗੀ ਤੇ ਇਸ ਫੰਡ ਨਾਲ ਉਨ੍ਹਾਂ ਨੌਜਵਾਨਾਂ ਦੀ ਮਦਦ ਲਈ ਪੇਸ਼ਕਦਮੀਆਂ ਕੀਤੀਆਂ ਜਾਣਗੀਆਂ ਜਿਹੜੇ ਗੈਂਗ ਦਾ ਮੈਂਬਰ ਬਣਨ ਦੀ ਕਗਾਰ ਉੱਤੇ ਹਨ ਤੇ ਜਾਂ ਫਿਰ ਅਜਿਹਾ ਗਲਤ ਫੈਸਲਾ ਕਰ ਚੁੱਕੇ ਹਨ।

ਸਿਟੀ ਵਿੱਚ ਗੰਨ ਹਿੰਸਾ ਦੇ ਵੱਧ ਰਹੇ ਮਾਮਲਿਆਂ ਨੂੰ ਵੇਖਦਿਆਂ ਹੋਇਆਂ ਇਹ ਫੈਸਲਾ ਕੀਤਾ ਗਿਆ ਹੈ। 2022 ਵਿੱਚ 200 ਦੇ ਨੇੜੇ ਤੇੜੇ ਅਜਿਹੇ ਮਾਮਲੇ ਸਾਹਮਣੇ ਆਏ ਹਨ ਜਿੱਥੇ ਗੰਨਜ਼ ਦੀ ਵਰਤੋਂ ਕੀਤੀ ਗਈ ਹੋਵੇ ਤੇ ਜਿਸ ਕਾਰਨ 95 ਲੋਕਾਂ ਦੀ ਮੌਤ ਹੋ ਗਈ ਜਾਂ ਉਹ ਜ਼ਖ਼ਮੀ ਹੋ ਗਏ। ਹੁਣ ਤੱਕ ਗੰਨ ਹਿੰਸਾ ਕਾਰਨ 24 ਮੌਤਾ ਹੋ ਚੁੱਕੀਆਂ ਹਨ ਤੇ ਪਿਛਲੇ ਸਾਲ ਦੇ ਇਸ ਅਰਸੇ ਦੇ ਮੁਕਾਬਲੇ ਅਜਿਹੇ ਮਾਮਲਿਆਂ ਵਿੱਚ 41.2 ਫੀ ਸਦੀ ਵਾਧਾ ਵੇਖਣ ਨੂੰ ਮਿਲਿਆ ਹੈ।

ਇੱਕ ਹਫਤੇ ਪਹਿਲਾਂ ਫਾਦਰਜ਼ ਡੇਅ ਮੌਕੇ ਸਾਰਾ ਦਿਨ ਵਾਪਰੀਆਂ ਵਾਰਦਾਤਾਂ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਚਾਰ ਵੱਖੋ ਵੱਖ ਮਾਮਲਿਆਂ ਵਿੱਚ ਸੱਤ ਵਿਅਕਤੀ ਹੋਰ ਜ਼ਖ਼ਮੀ ਹੋ ਗਏ। ਮੈਂਡੋਸਿਨੋ ਨੇ ਆਖਿਆ ਕਿ ਨਜ਼ਦੀਕੀ ਪਾਰਟਨਰ ਵਾਇਲੰਸ ਤੇ ਗੰਨ ਵਾਇਲੰਸ ਵਿੱਚ ਵਾਧਾ ਹੋਣ ਦੇ ਖਤਰਨਾਕ ਅੰਕੜੇ ਵੀ ਮਿਲ ਰਹੇ ਹਨ ਤੇ ਘਰੇਲੂ ਹਿੰਸਾ ਵਿੱਚ ਵੀ ਵਾਧਾ ਵੇਖਣ ਨੂੰ ਮਿਲ ਰਿਹਾ ਹੈ।

ਉਨ੍ਹਾਂ ਆਖਿਆ ਕਿ ਇਸ ਨਵੇਂ ਫੰਡ ਨਾਲ ਉਨ੍ਹਾਂ ਥਾਂਵਾਂ ਉੱਤੇ ਨਿਵੇਸ਼ ਕੀਤਾ ਜਾਵੇਗਾ ਜਿੱਥੇ ਇਸ ਦੀ ਸੱਭ ਤੋਂ ਵੱਧ ਲੋੜ ਹੋਵੇਗੀ। ਜਿਹੜੀਆਂ ਕਮਿਊਨਿਟੀਜ਼ ਨੂੰ ਸੱਭ ਤੋਂ ਵੱਧ ਖਤਰਾ ਹੈ ਉਨ੍ਹਾਂ ਨੂੰ ਸਮੇਂ ਸਿਰ ਮਦਦ ਮਿਲਣੀ ਯਕੀਨੀ ਬਣਾਈ ਜਾਵੇਗੀ।

## ਜੁਲਾਈ ਤੇ ਅਗਸਤ ’ਚ ਫਲਾਈਟਸ ਘਟਾਵੇਗੀ ਏਅਰ ਕੈਨੇਡਾ

ਓਟਵਾ, 30 ਜੂਨ (ਪੋਸਟ ਬਿਊਰੋ) : ਏਅਰ ਕੈਨੇਡਾ ਵੱਲੋਂ ਜੁਲਾਈ ਤੇ ਅਗਸਤ ਵਿੱਚ ਫਲਾਈਟਸ ਘਟਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ। ਇਹ ਜਾਣਕਾਰੀ ਕੰਪਨੀ ਦੇ ਪ੍ਰੈਜ਼ੀਡੈਂਟ ਵੱਲੋਂ ਦਿੱਤੀ ਗਈ। ਏਅਰਲਾਈਨ ਨੂੰ ਅਜੇ ਵੀ ਕਸਟਮਰ ਸਰਵਿਸ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮਾਈਕਲ ਰੂਸੋ ਨੇ ਦੱਸਿਆ ਕਿ ਗਲੋਬਲ ਪੱਧਰ ਉੱਤੇ ਸਾਡੀ ਇੰਡਸਟਰੀ ਦਾ ਕੰਮਕਾਜ ਪਹਿਲਾਂ ਵਾਂਗ ਨਹੀਂ ਚੱਲ ਰਿਹਾ ਤੇ ਇਸ ਨਾਲ ਸਾਡੇ ਆਪਰੇਸ਼ਨਜ਼ ਉੱਤੇ ਅਸਰ ਪੈ ਰਿਹਾ ਹੈ। ਅਸੀਂ ਪਹਿਲਾਂ ਵਾਂਗ ਲੋਕਾਂ ਦੀ ਸੇਵਾ ਨਹੀਂ ਕਰ ਪਾ ਰਹੇ। ਉਨ੍ਹਾਂ ਆਖਿਆ ਕਿ ਹੁਣ ਜਦੋਂ ਗਰਮੀਆਂ ਵਿੱਚ ਟਰੈਵਲ ਆਪਣੇ ਚਰਮ ਉੱਤੇ ਹੈ ਤਾਂ ਸਟਾਫ ਦੀ ਘਾਟ ਕਾਰਨ ਏਅਰਲਾਈਨ ਵੱਲੋਂ ਫਲਾਈਟਸ ਘਟਾਈਆਂ ਜਾਣਗੀਆਂ।ਇਸ ਤੋਂ ਇਲਾਵਾ ਸਾਡੇ ਕੋਲ ਹੋਰ ਕੋਈ ਚਾਰਾ ਨਹੀਂ ਹੈ। ਉਨ੍ਹਾਂ ਆਖਿਆ ਕਿ ਮਹਾਂਮਾਰੀ ਸਬੰਧੀ ਟਰੈਵਲਿੰਗ ਉੱਤੇ ਲੱਗੀਆਂ ਪਾਬੰਦੀਆਂ ਲਗਾਤਾਰ ਹਟਾਈਆਂ ਜਾਣ ਕਾਰਨ ਵੀ ਸਾਡੇ ਉੱਤੇ ਕੰਮ ਦਾ ਬੋਝ ਵੱਧ ਗਿਆ ਹੈ।




ਏਅਰ ਕੈਨੇਡਾ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਕੰਪਨੀ ਜੁਲਾਈ ਤੇ ਅਗਸਤ ਦੇ ਮਹੀਨੇ ਲਈ ਆਪਣੇ ਸ਼ਡਿਊਲ ਵਿੱਚੋਂ ਰੋਜ਼ਾਨਾ 154 ਫਲਾਈਟਸ ਘਟਾਵੇਗੀ। ਇਸ ਤਬਦੀਲੀ ਤੋਂ ਪਹਿਲਾਂ ਏਅਰ ਕੈਨੇਡਾ ਨੇ ਆਖਿਆ ਸੀ ਕਿ ਉਹ ਰੋਜ਼ਾਨਾ 1,000 ਫਲਾਈਟਸ ਆਪਰੇਟ ਕਰੇਗੀ। ਇਸ ਫੈਸਲੇ ਕਾਰਨ ਜਿਨ੍ਹਾਂ ਰੂਟਸ ਉੱਤੇ ਸੱਭ ਤੋਂ ਵੱਧ ਅਸਰ ਪਵੇਗਾ ਉਹ ਹਨ ਟੋਰਾਂਟੋ ਤੇ ਮਾਂਟਰੀਅਲ ਏਅਰਪੋਰਟਸ ਤੋਂ ਆਉਣ ਜਾਣ ਵਾਲੀਆਂ ਫਲਾਈਟਸ।ਬੁਲਾਰੇ ਨੇ ਇਹ ਵੀ ਦੱਸਿਆ ਕਿ ਏਅਰਲਾਈਨ ਆਰਜ਼ੀ ਤੌਰ ਉੱਤੇ ਮਾਂਟਰੀਅਲ ਤੋਂ ਪਿਟਸਬਰਗ, ਬਾਲਟੀਮੋਰ ਤੇ ਕੈਲੋਨਾ ਦਰਮਿਆਨ ਫਲਾਈਟਸ ਨੂੰ ਵੀ ਸਸਪੈਂਡ ਕਰੇਗੀ। ਬਹੁਤੀਆਂ ਕੌਮਾਂਤਰੀ ਉਡਾਨਾਂ ਉੱਤੇ ਕੋਈ ਅਸਰ ਨਹੀਂ ਪਵੇਗਾ, ਉਨ੍ਹਾਂ ਦਾ ਸਮਾਂ ਜ਼ਰੂਰ ਬਦਲ ਸਕਦਾ ਹੈ।

## ਮੁੜ 30 ਸਤੰਬਰ ਤੱਕ ਵਧਾਈਆਂ ਗਈਆਂ ਬਾਰਡਰ ਪਾਬੰਦੀਆਂ




ਓਟਵਾ, 30 ਜੂਨ (ਪੋਸਟ ਬਿਊਰੋ) : ਬੁੱਧਵਾਰ ਨੂੰ ਫੈਡਰਲ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਕੈਨੇਡਾ ਵਿੱਚ ਦਾਖਲ ਹੋਣ ਉੱਤੇ ਲਾਈਆਂ ਗਈਆਂ ਬਾਰਡਰ ਪਾਬੰਦੀਆਂ 30 ਸਤੰਬਰ ਤੱਕ ਜਾਰੀ ਰਹਿਣਗੀਆਂ।

ਇਸ ਤੋਂ ਭਾਵ ਹੈ ਕਿ ਦੇਸ਼ ਵਿੱਚ ਦਾਖਲ ਹੋਣ ਲਈ ਵਿਦੇਸ਼ੀ ਟਰੈਵਲਰਜ਼ ਨੂੰ ਅਜੇ ਵੀ ਪੂਰੀ ਤਰ੍ਹਾਂ ਵੈਕਸੀਨੇਟ ਹੋਣ ਦਾ ਸਬੂਤ ਮੁਹੱਈਆ ਕਰਵਾਉਣਾ ਹੋਵੇਗਾ।ਇਸ ਤੋਂ ਇਲਾਵਾ ਜਿਹੜੇ ਕੈਨੇਡੀਅਨਜ਼ ਨੇ ਵੈਕਸੀਨੇਸ਼ਨ ਨਹੀਂ ਕਰਵਾਈ ਹੋਈ ਜਾਂ ਪਰਮਾਨੈਂਟ ਰੈਜ਼ੀਡੈਂਟਸ ਨੂੰ ਵਿਦੇਸ਼ ਤੋਂ ਕੈਨੇਡਾ ਦਾਖਲ ਹੋਣ ਸਮੇਂ ਕੋਵਿਡ-19 ਲਈ ਕਰਵਾਏ ਗਏ ਕੋਵਿਡ-19 ਸਬੰਧੀ ਮੌਲੀਕਿਊਲਰ ਟੈਸਟ ਦਾ ਸਬੂਤ ਮੁਹੱਈਆ ਕਰਵਾਉਣਾ ਹੋਵੇਗਾ ਤੇ ਦੇਸ਼ ਵਿੱਚ ਦਾਖਲ ਹੋਣ ਤੋਂ ਬਾਅਦ 14 ਦਿਨਾਂ ਲਈ ਕੁਆਰਨਟੀਨ ਕਰਨਾ ਹੋਵੇਗਾ।

ਇਸ ਤੋਂ ਇਲਾਵਾ ਸਰਕਾਰ ਅਜੇ ਵੀ ਚਾਹੁੰਦੀ ਹੈ ਕਿ ਸਾਰੇ ਟਰੈਵਲਰਜ਼, ਫਿਰ ਭਾਵੇਂ ਉਨ੍ਹਾਂ ਦੀ ਨਾਗਰਿਕਤਾ ਕਿੱਥੋਂ ਦੀ ਵੀ ਹੋਵੇ, ਆਪਣੀ ਵੈਕਸੀਨ ਸਬੰਧੀ ਜਾਣਕਾਰੀ ਤੇ ਟਰੈਵਲ ਡੌਕਿਊਮੈਂਟ ਐਰਾਈਵਕੈਨ ਐਪ ਉੱਤੇ ਅਪਲੋਡ ਕਰਨ। ਆਖਰੀ ਵਾਰੀ ਇਨ੍ਹਾਂ ਪਾਬੰਦੀਆਂ ਵਿੱਚ 31 ਮਈ ਨੂੰ ਵਾਧਾ ਕੀਤਾ ਗਿਆ ਸੀ।

## ਕੈਨੇਡਾ ਵਿੱਚ ਰੱਦ ਜਾਂ ਡਿਲੇਅ ਹੋਈਆਂ ਬਹੁਤੀਆਂ ਘਰੇਲੂ ਉਡਾਨਾਂ

ਓਟਵਾ, 30 ਜੂਨ (ਪੋਸਟ ਬਿਊਰੋ) : ਤਾਜ਼ਾ ਅੰਕੜਿਆਂ ਤੋਂ ਸਾਹਮਣੇ ਆਇਆ ਹੈ ਕਿ ਕੈਨੇਡਾ ਦੇ ਕੁੱਝ ਮੁੱਖ ਏਅਰਪੋਰਟਸ ਤੋਂ ਘਰੇਲੂ ਫਲਾਈਟਸ ਜਾਂ ਤਾਂ ਰੱਦ ਕਰ ਦਿੱਤੀਆਂ ਗਈਆਂ ਤੇ ਜਾਂ ਫਿਰ ਉਨ੍ਹਾਂ ਵਿੱਚ ਦੇਰ ਹੋਈ।



ਫਰੈਡਰਿਕਟਨ, ਨਿਊ ਬਰੰਜ਼ਵਿੱਕ ਵਿੱਚ ਸਥਿਤ ਡਾਟਾ ਸਟਰੈਟੇਜੀ ਏਜੰਸੀ ਡਾਟਾਵਾਜੋਂ ਵੱਲੋਂ ਉਸ ਸਮੇਂ ਤੋਂ ਇਹ ਡਾਟਾ ਇੱਕਠਾ ਕੀਤਾ ਜਾ ਰਿਹਾ ਹੈ ਜਦੋਂ ਤੋਂ ਕੈਨੇਡਾ ਦੇ ਏਅਰਪੋਰਟਸ ਉੱਤੇ ਹੋਣ ਵਾਲੀ ਲੰਮੀਂ ਦੇਰ ਕਾਰਨ ਫਲਾਈਟਸ ਵਿੱਚ ਦੇਰ ਹੋਣ ਲੱਗੀ। ਅਜਿਹਾ ਇਸ ਲਈ ਵੀ ਹੋ ਰਿਹਾ ਹੈ ਕਿਉਂਕਿ ਇੱਕ ਤਾਂ ਸਮਰ ਟਰੈਵਲ ਵਿੱਚ ਵਾਧਾ ਹੋਇਆ ਹੈ ਤੇ ਦੂਜਾ ਏਅਰਪੋਰਟਸ ਕੋਲ ਵੀ ਪੂਰਾ ਸਟਾਫ ਨਹੀਂ ਹੈ। ਜ਼ਿਕਰਯੋਗ ਹੈ ਕਿ 20 ਜੂਨ ਨੂੰ ਫੈਡਰਲ ਸਰਕਾਰ ਵੱਲੋਂ ਪਲੇਨ ਤੇ ਟਰੇਨ ਰਾਹੀਂ ਸਫਰ ਕਰਨ ਵਾਲੇ ਘਰੇਲੂ ਤੇ ਇੰਟਰਨੈਸ਼ਨਲ ਟਰੈਵਲਰਜ਼ ਲਈ ਵੈਕਸੀਨੇਸ਼ਨ ਦਾ ਸਬੂਤ ਮੁਹੱਈਆ ਕਰਵਾਏ ਜਾਣ ਦੀ ਸ਼ਰਤ ਤੋਂ ਛੋਟ ਦਿੱਤੀ ਗਈ ਸੀ। ਟੂਰਿਜ਼ਮ ਤੇ ਏਅਰਲਾਈਨ ਸੈਕਟਰਜ਼ ਵੱਲੋਂ ਪਾਏ ਗਏ ਦਬਾਅ ਤੋਂ ਬਾਅਦ ਚੁੱਕੇ ਗਏ ਇਸ ਕਦਮ ਤੋਂ ਇੰਜ ਲੱਗ ਰਿਹਾ ਸੀ ਕਿ ਇਸ ਨਾਲ ਸਟਾਫ ਦੇ ਪੱਧਰ ਵਿੱਚ ਵਾਧਾ ਕਰਨ ਵਿੱਚ ਮਦਦ ਮਿਲੇਗੀ। ਪਰ ਪਾਰਲੀਆਮੈਂਟ ਵਿੱਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਤੇ ਪ੍ਰਾਪਤ ਖਬਰਾਂ ਅਨੁਸਾਰ ਅੰਕੜੇ ਦਰਸਾਉਂਦੇ ਹਨ ਕਿ ਕੈਨੇਡਾ ਬਾਰਡਰ ਸਰਵਿਸ ਏਜੰਸੀ (ਸੀਬੀਐਸਏ) ਕੋਲ ਪਹਿਲੀ ਮਈ, 2022 ਤੱਕ ਕੈਨੇਡਾ ਦੇ ਏਅਰਪੋਰਟਸ ਉੱਤੇ 1904 ਅਧਿਕਾਰੀ ਕੰਮ ਕਰ ਰਹੇ ਸਨ ਜੋ ਕਿ ਪਹਿਲੀ ਜਨਵਰੀ 2020 ਨੂੰ ਕੰਮ ਕਰ ਰਹੇ 2033 ਅਧਿਕਾਰੀਆਂ ਤੋਂ ਘੱਟ ਸਨ ਤੇ ਪਹਿਲੀ ਜਨਵਰੀ 2016 ਨੂੰ ਕੰਮ ਕਰ ਰਹੇ 1981 ਤੋਂ ਵੀ ਘੱਟ ਸਨ।

4 ਮਈ, 2022 ਨੂੰ ਸੀਬੀਐਸਏ ਦੇ 103 ਕਰਮਚਾਰੀ ਆਪਣੇ ਵੈਕਸੀਨੇਸ਼ਨ ਸਟੇਟਸ ਕਾਰਨ ਬਿਨਾ ਤਨਖਾਹ ਛੁੱਟੀ ਉੱਤੇ ਸਨ। ਇਸ ਦੌਰਾਨ ਦਸਤਾਵੇਜ਼ ਦਰਸਾਉਂਦੇ ਹਨ ਕਿ ਕੈਨੇਡੀਅਨ ਏਅਰ ਟਰਾਂਸਪੋਰਟ ਸਕਿਊਰਿਟੀ ਅਥਾਰਟੀ (ਸੀਏਟੀਐਸਏ) ਵੱਲੋਂ ਥਰਡ ਪਾਰਟੀ ਕਾਂਟਰੈਕਟਰ ਰਾਹੀਂ 6867 ਲੋਕਾਂ ਨੂੰ ਏਅਰਪੋਰਟ ਸਕਿਊਰਿਟੀ ਸਕਰੀਨਿੰਗ ਲਈ ਕੰਮ ਕਰਨ ਵਾਸਤੇ ਤਾਇਨਾਤ ਕੀਤਾ ਗਿਆ। ਜੋ ਕਿ ਪਹਿਲੀ ਜਨਵਰੀ, 2020 ਤੋਂ ਇਹ ਕੰਮ ਕਰਨ ਵਾਲੇ 7420 ਅਧਿਕਾਰੀਆਂ ਦੇ ਮੁਕਾ-ਬਲੇ ਘੱਟ ਹਨ।

## ਗਾਇਕ ਬਾਦਸ਼ਾਹ ਨੇ ਖੋ-ਖੋ ਟੀਮ ਖਰੀਦੀ

### * ਕਾਰੋਬਾਰੀ ਪੁਨੀਤ ਵੀ ਮੁੰਬਈ ਫਰੈਂਚਾਈਜ਼ੀ ਨਾਲ ਜੁੜੇ



ਨਵੀਂ ਦਿੱਲੀ, 30 ਜੂਨ (ਪੋਸਟ ਬਿਊਰੋ)- ਲੋਕਪ੍ਰਿਯ ਗਾਇਕ (ਰੈਪਰ) ਬਾਦਸ਼ਾਹ ਅਤੇ ਪ੍ਰਸਿੱਧ ਫਿਲਮ ਨਿਰਮਾਤਾ ਅਤੇ ਕਾਰੋਬਾਰੀ ਪੁਨੀਤ ਬਾਲਨ ਅਲਟੀਮੇਟ ਖੋ-ਖੋ (ਯੂ ਕੇ ਕੇ) ਲੀਗ ਵਿੱਚ ਮੁੰਬਈ ਫਰੈਂਚਾਈਜ਼ੀ ਦੇ ਸਹਿ-ਮਾਲਕ ਵਜੋਂ ਜੁੜ ਗਏ ਹਨ।ਮੁੰਬਈ ਦੀ ਇਸ ਟੀਮ ਦੇ ਆਨ-ਬੋਰਡ ਹੋਣ ਦੇ ਨਾਲ ਅਲਟੀਮੇਟ ਖੋ-ਖੋ ਦੇ ਉਦਘਾਟਨ ਪ੍ਰੋਗਰਾਮ ਦਾ ਲਾਈਨ-ਅਪ ਪੂਰਾ ਹੋ ਗਿਆ ਅਤੇ ਇਸ ਸਾਲ ਹੋਣ ਵਾਲੀ ਇਸ ਲੀਗ ਵਿੱਚ ਛੇ ਟੀਮਾਂ ਹੋ ਗਈਆਂ ਹਨ।

ਬਾਦਸ਼ਾਹ ਨੇ ਕਿਹਾ, ‘‘ਮੇਰੀ ਮਾਂ ਆਪਣੇ ਕਾਲਜ ਦੇ ਦਿਨਾਂ ਵਿੱਚ ਖੋ-ਖੋ ਖੇਡਿਆ ਕਰਦੀ ਸੀ ਅਤੇ ਇਹੀ ਕਾਰਨ ਹੈ ਕਿ ਜ਼ਮੀਨ ਨਾਲ ਜੁੜੀਇਹ ਖੇਡ ਮੇਰੇ ਦਿੱਲ ਦੇ ਬਹੁਤ ਨੇੜੇ ਹੈ। ਇਹ ਇੱਕ ਤੇਜ਼-ਤਰਾਰ ਇਨਡੋਰ ਖੇਡ ਹੈ ਜਿਸ ਵਿੱਚ ਬੇਹੱਦ ਤੇਜ਼ ਖਿਡਾਰੀਆਂ ਦੀ ਜ਼ਰੂਰਤ ਹੁੰਦੀ ਹੈ। ਆਮ ਤੌਰ ਉੱਤੇ ਮੁੰਬਈ ਦਾ ਸਭਿਆਚਾਰ ਤੇਜ਼ ਤੇ ਕੁਸ਼ਲ ਹੈ ਅਤੇ ਇਸੇ ਕਾਰਨ ਅਸੀਂ ਇਸ ਟੀਮ ਨੂੰ ਚਾਹੁੰਦੇ ਸੀ। ਅਸੀਂ ਖਿਡਾਰੀਆਂ ਦੇ ਲਈ ਸਭ ਤੋਂ ਵਧੀਆ ਵਾਤਾਵਰਣ, ਬੁਨਿਆਦੀ ਢਾਂਚਾ, ਟਰੇ-ਨਿੰਗ ਅਤੇ ਪੋਸ਼ਣ ਯਕੀਨੀ ਕਰਨਾ ਚਾਹੁੰਦੇ ਹਾਂ।''

ਮੁੰਬਈ ਫਰੈਂਚਾਈਜ਼ੀ ਦੇ ਸਹਿ-ਮਾਲਕ ਬਾਲਨ ਨੇ ਕਿਹਾ, ‘‘ਜੇ ਤੁਸੀਂ ਕੁਝ ਵਿਕਸਤ ਕਰਨਾ ਚਾਹੁੰਦੇ ਹੋ ਤਾਂ ਸਹੀ ਦ੍ਰਿਸ਼ਟੀਕੋਣ ਅਪਣਾਉਣਾ ਬਹੁਤ ਮਹੱਤਵਪੂਰਨ ਹੈ। ਮੈਂ ਕਾਫੀ ਸਮੇਂ ਅਤੇ ਕਈ ਲੀਗਾਂ ਦੇ ਜ਼ਰੀਏ ਖੇਡਾਂ ਦੇ ਵਿਕਾਸ ਵਿੱਚ ਸ਼ਾਮਲ ਰਿਹਾ ਹਾਂ ਅਤੇ ਅੱਗੋਂ ਅਲਟੀਮੇਟ ਖੋ-ਖੋ ਨਾਲ ਮੈਂ ਸਫਲਤਾ ਦੀ ਯਾਤਰਾ ਵਿੱਚ ਭੂਮਿਕਾ ਨਿਭਾਉਣਾ ਚਾਹੁੰਦਾ ਹਾਂ।''ਅਲਟੀਮਟੇ ਖੋ-ਖੋ ਦੇ ਸੀ ਈ ਓ ਤੇਨਜ਼ਿੰਗ ਨਿਯੋਗੀ ਨੇ ਕਿਹਾ, ‘‘ਅਸੀਂ ਛੇਵੀਂ ਫਰੈਂਚਾਈਜ਼ੀ ਦੇ ਸਹਿ-ਮਾਲਕ ਵਜੋਂ ਬਾਦਸ਼ਾਹ ਅਤੇ ਪੁਨੀਤ ਬਾਲਨ ਦਾ ਸਵਾਗਤ ਕਰ ਕੇ ਰੋਮਾਂਚਿਤ ਹਾਂ। ਸਾਡੇ ਕੋਲ ਟੀਮ ਮਾਲਕਾਂ ਦੇ ਰੂਪ ਵਿੱਚ ਪਹਿਲਾਂ ਹੀ ਵੱਡੇ ਕਾਰਪੋਰੇਟਸ ਦੇ ਨਾਲ ਉੜੀਸਾ ਸਰਕਾਰ ਵੀ ਹੈ ਅਤੇ ਅੱਗੋਂ ਮਨੋਰੰਜਨ ਖੇਤਰ ਦੇ ਇਹ ਦੋ ਮਸ਼ਹੂਰ ਨਾਂਅ ਲੀਗ ਦੀ ਸਥਿਤੀ ਅਤੇ ਸਮਰੱਥਾ ਨੂੰ ਦਰਸਾਉਂਦੇ ਹਨ। ਖੋ-ਖੋ ਦੀਆਂ ਮਹਾਰਾਸ਼ਟਰ ਵਿੱਚ ਡੂੰਘੀਆਂ ਜੜ੍ਹਾਂ ਹਨ ਅਤੇ ਇਸ ਸੂਬੇ ਦੀ ਰਾਜਧਾਨੀ ਦੀ ਅਗਵਾਈ ਕਰਨ ਵਾਲੀ ਇੱਕ ਟੀਮ ਪੱਕੇ ਰੂਪ ’ਚ ਖੇਡ ਦੀ ਲੋਕਪ੍ਰਿਅਤਾ ਨੂੰ ਵਧਾਉਣ ਵਿੱਚ ਸਾਡੀ ਮਦਦ ਕਰੇਗੀ।'' ਅਲੀਟਮੇਟ ਖੋ-ਖੋ ਇਸ ਘਰੇਲੂ ਖੇਡ ਵਿੱਚ ਕ੍ਰਾਂਤੀ ਦੇ ਮਿਸ਼ਨ ਦੀ ਦਿਸ਼ਾ ਵਿੱਚ ਵੱਡੇ ਕਦਮ ਉਠਾ ਰਹੀ ਹੈ।

## ਐਨ ਏ ਸੀ ਆਈ ਵੱਲੋਂ ਭਵਿੱਖ ਵਿੱਚ ਕੋਵਿਡ-19 ਦੀ ਕਿਸੇ ਵੇਵ ਤੋਂ ਬਚਣ ਲਈ ਬੂਸਟਰ ਡੋਜ਼ ਲਵਾਉਣ ਦੀ ਕੀਤੀ ਗਈ ਸਿਫਾਰਿਸ਼

ਓਟਵਾ, 30 ਜੂਨ (ਪੋਸਟ ਬਿਊਰੋ) : ਨੈਸ਼ਨਲ ਐਡਵਾਈਜ਼ਰੀ ਕਮੇਟੀ ਆਨ ਇਮਿਊਨਾਈਜ਼ੇਸ਼ਨ (ਐਨ ਏ ਸੀ ਆਈ) ਵੱਲੋਂ ਕੈਨੇਡਾ ਵਿੱਚ ਭਵਿੱਖ ਵਿੱਚ ਕੋਵਿਡ-19 ਦੀ ਸੰਭਾਵੀ ਵੇਵ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਇਸ ਸਾਲ ਦੇ ਅੰਤ ਵਿੱਚ ਬੂਸਟਰ ਸ਼ੌਟਸ ਲਵਾਉਣ ਦੀ ਸਿਫਾਰਿਸ਼ ਕੀਤੀ ਗਈ ਹੈ।

ਬੁੱਧਵਾਰ ਨੂੰ ਇੱਕ ਰਲੀਜ਼ ਵਿੱਚ ਐਨ ਏ ਸੀ ਆਈ ਨੇ ਆਖਿਆ ਕਿ ਸਾਰੀਆਂ ਜਿਊਰਿਸਡਿਕਸ਼ਨਜ਼ ਨੂੰ ਉਨ੍ਹਾਂ ਲੋਕਾਂ ਨੂੰ ਬੂਸਟਰ ਡੋਜ਼ ਦੇਣ ਦੀ ਪੇਸ਼ਕਸ਼ ਕਰਨੀ ਚਾਹੀਦੀ ਹੈ ਜਿਨ੍ਹਾਂ ਦੇ ਗੰਭੀਰ ਰੂਪ ਵਿੱਚ ਬਿਮਾਰ ਪੈਣ ਦਾ ਖਦਸ਼ਾ ਹੋਵੇ, ਫਿਰ ਭਾਵੇਂ ਉਨ੍ਹਾਂ ਵੱਲੋਂ ਪਹਿਲਾਂ ਕਿੰਨੀਆਂ ਮਰਜ਼ੀ ਬੂਸਟਰ ਡੋਜ਼ ਲਈਆਂ ਜਾ ਚੁੱਕੀਆਂ ਹੋਣ।



ਇਹ ਸਿਫਾਰਿਸ਼ ਵੀ ਕੀਤੀ ਗਈ ਹੈ ਕਿ 65 ਸਾਲ ਤੇ ਇਸ ਤੋਂ ਉੱਪਰ ਉਮਰ ਦੇ ਲੋਕਾਂ ਦੇ ਨਾਲ ਨਾਲ, ਲਾਂਗ ਟਰਮ ਕੇਅਰ ਦੇ ਰੈਜ਼ੀਡੈਂਟਸ ਜਾਂ ਲਿਵਿੰਗ ਫੈਸਿਲਿਟੀਜ਼ ਵਿੱਚ ਰਹਿਣ ਵਾਲੇ ਲੋਕਾਂ, 12 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ, ਜਿਨ੍ਹਾਂ ਨੂੰ ਮੈਡੀਕਲ ਕਾਰਨਾਂ ਕਰਕੇ ਕੋਵਿਡ-19 ਦਾ ਵਧੇਰੇ ਖਤਰਾ ਹੋਵੇ, ਨੂੰ ਵੀ ਬੂਸਟਰ ਡੋਜ਼ ਲਾਈ ਜਾਵੇ। ਇਸ ਤੋਂ ਇਲਾਵਾ ਇੰਡੀਜੀਨਸ ਤੇ ਹਾਸ਼ੀਏ ਉੱਤੇ ਰਹਿਣ ਵਾਲੇ ਲੋਕਾਂ, ਜਿੱਥੇ ਇਨਫੈਕਸ਼ਨ ਕਾਰਨ ਸਥਿਤੀ ਗੰਭੀਰ ਹੋ ਸਕਦੀ ਹੈ, ਨੂੰ ਵੀ ਇਹ ਬੂਸਟਰ ਡੋਜ਼ ਦੇਣ ਲਈ ਆਖਿਆ ਗਿਆ ਹੈ। ਇਸ ਦੇ ਨਾਲ ਹੀ ਮਾਈਗ੍ਰੈਂਟ ਵਰਕਰਜ਼, ਸ਼ੈਲਟਰਜ਼, ਕੋਰੈਕਸ਼ਨਲ ਫੈਸਿਲਿਟੀਜ਼ ਤੇ ਗਰੁੱਪ ਹੋਮਜ਼ ਵਿੱਚ ਰਹਿਣ ਵਾਲਿਆਂ ਨੂੰ ਵੀ ਇਹ ਬੂਸਟਰ ਡੋਜ਼ ਦੇਣ ਲਈ ਆਖਿਆ ਗਿਆ ਹੈ।

ਐਨ ਏ ਸੀ ਆਈ ਵੱਲੋਂ ਇਹ ਸਿਫਾਰਿਸ਼ ਵੀ ਕੀਤੀ ਗਈ ਹੈ ਕਿ ਬੂਸਟਰ ਡੋਜ਼ 12 ਤੋਂ 64 ਸਾਲ ਦੇ ਹਰੇਕ ਵਿਅਕਤੀ ਨੂੰ ਲਾਈ ਜਾਵੇ, ਫਿਰ ਭਾਵੇਂ ਉਸ ਨੇ ਪਹਿਲਾਂ ਕਿੰਨੀਆਂ ਬੂਸਟਰ ਡੋਜ਼ਿਜ਼ ਕਿਉਂ ਨਾ ਲਈਆਂ ਹੋਣ।

## ਡੌਨ ਮਿਨੇਕਰ ਸੀਨੀਅਰਜ਼ ਕਲੱਬ ਨੇ ਟੋਰਾਂਟੋ ਹਾਈ ਪਾਰਕ ਦਾ ਟੂਰ ਲਾਇਆ



ਬਰੈਂਪਟਨ, (ਡਾ. ਝੰਡ) -ਸੰਸਾਰ-ਭਰ ਵਿਚ ਫੈਲੀ ਕਰੋਨਾ ਮਹਾਂਮਾਰੀ ਦੇ ਕਾਰਨ ਪਿਛਲੇ ਦੋ ਸਾਲ ਤੋਂ ਵੀ ਵਧੀਕ ਲੋਕ ਘਰਾਂ ਤੋਂ ਬਾਹਰ ਨਹੀਂ ਨਿਕਲ ਸਕੇ ਅਤੇ ਹੁਣ ਇਸ ਦਾ ਪ੍ਰਕੋਪ ਮੱਧਮ ਪੈਣ ਕਾਰਨ ਉਨ੍ਹਾਂ ਨੇ ਬਾਹਰ-ਅੰਦਰ ਜਾਣਾ ਸ਼ੁਰੂ ਕਰ ਦਿੱਤਾ ਹੈ। ਇਸ ਬਦਲੇ ਹੋਏ ਹਾਲਾਤ ਨੂੰ ਮੁੱਖ ਰੱਖਦਿਆਂ ਡੌਨ ਮਿਨੇਕਰ ਕਲੱਬ ਦੀ ਮੈਨੇਜਮੈਂਟ ਨੇ ਆਪਸ ਵਿਚ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਬੀਤੇ ਸ਼ਨੀਵਾਰ 25 ਜੂਨ ਨੂੰ ਟੋਰਾਂਟੋ ਹਾਈ ਪਾਰਕ ਦੇ ਟੂਰ 'ਤੇ ਜਾਣ ਦਾ ਪ੍ਰੋਗਰਾਮ ਬਣਾਇਆ। ਇਸ ਤਰ੍ਹਾਂ ਇਹ ਇਸ ਕਲੱਬ ਦਾ ਗਰਮੀਆਂ ਦੇ ਇਸ ਸੀਜ਼ਨ ਦਾ ਪਹਿਲਾ ਟੂਰ ਸੀ।

ਬੱਸ ਵਿਚ ਚੜ੍ਹਨ ਤੋਂ ਪਹਿਲਾਂ ਸਾਰੇ ਮੈਂਬਰਾਂ ਨੂੰ ਪਾਣੀ ਦੀਆਂ ਬੋਤਲਾਂ ਅਤੇ ਸਨੈਕਸ ਦੇ ਪੈਕਟ ਦੇ ਦਿੱਤੇ ਗਏ ਤਾਂ ਕਿ ਉਹ ਆਪਣਾ ਭਾਰ ਆਪ ਹੀ ਉਠਾਉਣ। ਬੱਸ ਸਵੇਰੇ ਠੀਕ ਸਵਾ ਦਸ ਟੋਰਾਂਟੋ ਵੱਲ ਰਵਾਨਾ ਹੋਈ ਅਤੇ ਗਿਆਰਾਂ ਵਜੇ ਦੇ ਕਰੀਬ ਟੋਰਾਂਟੋ ਹਾਈ ਪਾਰਕ ਵਿਚ ਪਹੁੰਚ ਗਈ। ਉੱਥੇ ਸਾਰੇ ਮੈਂਬਰ ਛੋਟੇ-ਛੋਟੇ ਗਰੁੱਪਾਂ ਵਿਚ ਇਸ ਵਿਸ਼ਾਲ ਪਾਰਕ ਜੋ ਟੋਰਾਂਟੋ ਏਰੀਏ ਦਾ ਸੱਭ ਤੋਂ ਵੱਡਾ ਪਾਰਕ ਹੈ, ਵਿਚ ਘੁੰਮਣ ਦੇ ਲਈ ਨਿਕਲ ਪਏ ਅਤੇ ਉਨ੍ਹਾਂ ਨੇ ਇਸ ਪਾਰਕ ਦੇ ਵੱਖ-ਵੱਖ ਨਜ਼ਾਰਿਆਂ ਨੂੰ ਖ਼ੂਬ ਮਾਣਿਆਂ। ਕਈਆਂ ਨੇ ਪਾਰਕ ਵਿਚ ਚੱਲਦੀ 'ਟਰੇਨ' ਵਿਚ ਬੈਠ ਕੇ ਸਾਰੇ ਪਾਰਕ ਦਾ ਚੱਕਰ ਵੀ ਲਾਇਆ।

ਪਾਰਕ ਵਿਚ ਕਈ ਹੋਰ ਕਮਿਊਨਿਟੀਆਂ ਦੇ ਬੱਚੇ, ਔਰਤਾਂ ਅਤੇ ਬਜ਼ੁਰਗ ਵੀ ਆਏ ਹੋਏ ਸਨ। ਉਹ ਸਾਰੇ ਪਾਰਕ ਵਿਚ ਖ਼ੂਬ ਅਨੰਦ ਕਰ ਰਹੇ ਸਨ। ਪਾਰਕ ਵਿਚ ਬੱਚਿਆਂ ਦੇ ਲਈ ਛੋਟੀਆਂ-ਛੋਟੀਆਂ ਖੇਡਾਂ ਦਾ ਪ੍ਰਬੰਧ ਸੀ ਅਤੇ ਉਨ੍ਹਾਂ ਨੇ ਇਨ੍ਹਾਂ ਨੂੰ ਖ਼ੂਬ ਮਾਣਿਆਂ। ਕਲੱਬ ਦੀਆਂ ਬੀਬੀਆਂ ਨੇ ਮਿਲ ਕੇ ਮਨ-ਮਰਜ਼ੀ ਦੇ ਗੀਤ ਗਾਏ ਅਤੇ ਬੋਲੀਆਂ ਪਾ ਕੇ ਗਿੱਧਾ ਪਾਇਆ। ਸ਼ਾਮ ਨੂੰ ਪੰਜ ਵਜੇ ਦੇ ਕਰੀਬ ਸਾਰੇ ਬੱਸ ਵਿਚ ਸਵਾਰ ਹੋ ਕੇ ਛੇ ਕੁ ਵਜੇ ਵਾਪਸ ਡੌਨ ਮਿਨੇਕਰ ਪਾਰਕ ਪਹੁੰਚੇ। ਸਾਰੇ ਮੈਂਬਰ ਤੇ ਉਨ੍ਹਾਂ ਦੇ ਪਰਿਵਾਰ ਬਹੁਤ ਹੀ ਖ਼ੁਸ਼ ਨਜ਼ਰ ਆ ਰਹੇ ਸਨ ਅਤੇ ਪ੍ਰਬੰਧਕਾਂ ਨੂੰ ਅਜਿਹੇ ਹੋਰ ਟੂਰ ਦਾ ਪ੍ਰਬੰਧ ਕਰਨ ਲਈ ਕਹਿ ਰਹੇ ਸਨ। ਸਾਰਿਆਂ ਦੀ ਇੱਛਾ ਨੂੰ ਮੁੱਖ ਰੱਖਦਿਆਂ ਹੋਇਆਂ ਕਲੱਬ ਦੀ ਮੈਨੇਜਮੈਂਟ ਵੱਲੋਂ ਅਗਲਾ ਟੂਰ ਸੈਂਟਰ ਆਈਲੈਂਡ ਦਾ 16 ਜੁਲਾਈ ਨੂੰ ਲਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਕਲੱਬ ਦੇ ਪ੍ਰਧਾਨ ਅਮਰੀਕ ਸਿੰਘ ਕੁਮਰੀਆ ਨੂੰ 647-998-7253 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਟਰੰਪ ਨੇਕੈਪੀਟਲ ਹਿੱਲ ਜਾਣ ਲਈ ਸਟੀਅਰਿੰਗ ਵ੍ਹੀਲ ਫੜ੍ਹਨ ਦੀ ਵੀ ਕੋਸ਼ਿਸ਼ ਕੀਤੀ

### * ਸਾਬਕਾ ਸਹਿਯੋਗੀ ਵੱਲੋਂ ਜਾਂਚ ਕਮੇਟੀ ਸਾਹਮਣੇ ਗਵਾਹੀ

ਵਾਸ਼ਿੰਗਟਨ, 30 ਜੂਨ (ਪੋਸਟ ਬਿਊਰੋ)- ਅਮਰੀਕਾ ਵਿੱਚ ਰਾਸ਼ਟਰਪਤੀ ਚੋਣਾਂ ਤੋਂ ਬਾਅਦ ਛੇ ਜਨਵਰੀ 2021 ਨੂੰ ਹੋਈ ਕੈਪੀਟਲ ਹਿੰਸਾ ਦੇ ਕੇਸ ਵਿੱਚ ਹਾਊਸ ਕਮੇਟੀ ਦੀ ਸੁਣਵਾਈ ਜਾਰੀ ਹੈ।

ਬੀਤੇ ਮੰਗਲਵਾਰ ਨੂੰ ਛੇਵੀਂ ਲੋਕ ਸੁਣਵਾਈ ਮੌਕੇ ਵ੍ਹਾਈਟ ਹਾਊਸ ਦੇ ਸਾਬਕਾ ਚੀਫ ਆਫ ਸਟਾਫ ਮਾਰਕ ਮੀਡੋਜ਼ ਦੀ ਸਹਿਯੋਗੀ ਕੈਸਿਡੀ ਹਚਿੰਸਨ ਨੇ ਆਪਣੀ ਗਵਾਹੀ ਵਿੱਚ ਕਿਹਾ ਕਿ ਓਦੋਂ ਰਾਸ਼ਟਰਪਤੀ ਡੋਨ-ਾਲਡ ਟਰੰਪ ਕੈਪੀਟਲ ਹਿੱਲ ਉੱਤੇ ਮਾਰਚ ਕਰਨ ਵਾਲੀ ਭੀੜ ਵਿੱਚ ਸ਼ਾਮਲ ਹੋਣਾ ਚਾਹੁੰਦੇ ਸਨ। ਟਰੰਪ ਨੂੰ ਜਦੋਂ ਇੱਕ ਸੀਕ੍ਰੇਟ ਸਰਵਿਸ ਏਜੰਟ ਨੇ ਉਥੇ ਲਿਜਾਣ ਤੋਂ ਮਨ੍ਹਾ ਕੀਤਾ ਤਾਂ ਉਨ੍ਹਾਂ ਨੇ ਉਸ ਦੇ ਗਲੇ ਉੱਤੇ ਹੱਥ ਤਕ ਪਾਇਆ ਤੇ ਰਾਸ਼ਟਰਪਤੀ ਵਾਹਨ ਦੇ ਡਰਾਈਵਰ ਦੀ ਥਾਂ ਖੁਦ ਸਟੀਅਰਿੰਗ ਵ੍ਹੀਲ ਉੱਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ।ਹਚਿੰਸਨ ਨੇ



ਕਿਹਾ ਕਿ ਟਰੰਪ ਨੂੰ ਜਦੋਂ ਕਿਹਾ ਗਿਆ ਕਿ ਉਥੇ ਜਾਣ ਦਾ ਖਤਰਾ ਹੈ ਤੇ ਅਸੀਂ ਨਹੀਂ ਜਾ ਸਕਦੇ ਤਾਂ ਉਹ ਗੁੱਸੇ ਵਿੱਚ ਬੋਲੇ, ਮੈਂ ਰਾਸ਼ਟਰਪਤੀ ਹਾਂ, ਮੈਨੂੰ ਕੈਪੀਟਲ ਲੈ ਕੇ ਚੱਲੋ। ਫਿਰ ਵੀ ਟਰੰਪ ਨੂੰ ਇਹ ਕਿਹਾ ਗਿਆ ਕਿ ਇਸ ਤੋਂ ਪਹਿਲਾਂ ਐਲਿਪਸ ਦੀ ਰੈਲੀ ਵਿੱਚ ਵੀ ਭੀੜ ਨੇ ਹਥਿਆਰ ਲਏ ਹੋਏ ਹਨ। ਇਸ ਉੱਤੇ ਉਨ੍ਹਾਂ ਕਿਹਾ ਕਿ ਉਹ ਇਸ ਦੀ ਪ੍ਰਵਾਹ ਨਹੀਂ ਕਰਦੇ।

ਖਬਰ ਮੁਤਾਬਕ ਫਲੋਰੀਡਾ ਦੇ ਇੱਕ ਵਿਅਕਤੀ ਨੇ ਜਨਵਰੀ ਵਿੱਚ ਕੈਪੀਟਲ ਹਿੰਸਾ ਦੌਰਾਨ ਗੁੰਡਾਗਰਦੀ ਦੇ ਤਿੰਨ ਗੰਭੀਰ ਜੁਰਮ ਕਰਨਦਾ ਦੋਸ਼ੀ ਠਹਿਰਾਇਆ ਹੈ। ਫਲੋਰੀਡਾ ਦੇ ਸੈਫਨਰ ਦੇ 34 ਸਾਲਾ ਮਿਸ਼ੇਲ ਟਾਡ ਗਾਰਡਨਰ ਦੂਜੇ ਨੂੰ ਡਿਸਟ੍ਰਿਕਟ ਆਫ ਕੋਲੰਬੀਆ ਦੀ ਫੈਡਰਲ ਅਦਾਲਤ ਨੇ ਸੋਮਵਾਰ ਨੂੰ ਨਾਗਰਿਕ ਬਦਅਮਨੀ, ਸਰਕਾਰੀ ਕਾਰਵਾਈ ਵਿੱਚ ਰੁਕਾਵਟ ਪਾਉਣ ਅਤੇ ਖਤਰਨਾਕ ਹਥਿਆਰ ਨਾਲ ਹਮਲਾ ਕਰਨ, ਵਿਰੋਧ ਕਰਨ ਜਾਂ ਅਧਿਕਾਰੀਆਂ ਨੂੰ ਰੁਕਾਵਟ ਪਾਉਣ ਲਈ ਦੋਸ਼ੀ ਠਹਿਰਾਇਆ। ਛੇ ਜਨਵਰੀ 2021 ਨੂੰ ਕੈਪੀਟਲ ਹਿੰਸਾ ਵਿੱਚ ਵੱਖ-ਵੱਖ ਸੂਬਿਆਂ ਦੇ 840 ਲੋਕ ਗ੍ਰਿਫਤਾਰ ਹੋਏ ਸਨ। ਵਰਨਣ ਯੋਗ ਹੈ ਕਿ ਅਮਰੀਕਾ ਵਿੱਚ ਰਾਸ਼ਟਰਪਤੀ ਚੋਣਾਂ ਪਿੱਛੋਂ ਛੇ ਜਨਵਰੀ 2021 ਨੂੰ ਵੱਡੇ ਪੱਧਰ ਉੱਤੇ ਹਿੰਸਾ ਹੋਈ ਸੀ। ਇਸ ਦੌਰਾਨ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਉੱਤੇ ਹਿੰਸਾ ਭੜਕਾਉਣ ਦੇ ਦੋਸ਼ ਲੱਗੇ ਸਨ।

# ਗੁਰਦੁਆਰਾ ਸਾਹਿਬ ਦੀ ਪੰਜਵੀ ਵਰ੍ਹੇ ਗੰਢ ਸਬੰਧੀ ਸਮਾਗਮ ਕਰਵਾਏ









ਕੈਮਬ੍ਰਿਜ: ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੈਮਬ੍ਰਿਜ ਗੁਰਦੁਆਰਾ ਸਾਹਿਬ ਜੀ ਦੀ ਪੰਜਵੀ ਵਰੇਗੰਢ ਸਬੰਧੀ ਗੁਰਮਤਿ ਸਮਾਗਮ 19 ਜੂਨ 2022 ਦਿਨ ਐਤਵਾਰ ਸਵੇਰੇ 10 ਵਜੇ ਤੋਂ ਦੁਪਹਿਰ 2ਵਜੇ ਤੱਕ ਕਰਵਾਇਆ ਗਿਆ ਜਿਸ ਦੌਰਾਨ ਗੁਰੁਦੁਆਰਾ ਸਾਹਿਬ ਵਿਖੇ ਸਹਿਜ ਪਾਠ ਦੇ ਭੋਗ ਪਾਏ ਗਏ ਉਪਰੰਤ ਸਜੇ ਹੋਏ ਦੀਵਾਨਾਂ ਵਿਚ ਪੰਥ ਪ੍ਰਸਿੱਧ ਢਾਡੀ ਜਥੇ ਵਿਚ ਢਾਡੀ ਗੁਰਮੁਖ ਸਿੰਘ ਗੁਰਨੂਰ, ਭਾਈ ਸੁਖਜੀਵਨ ਸਿੰਘ ਝੰਡੇਰ, ਭਾਈ ਗੁਰਪ੍ਰੀਤ ਸਿੰਘ, ਹਜੂਰੀ ਕੀਰਤਨੀ ਜਥੇ ਅਤੇ ਬੱਚਿਆਂ ਨੇ ਗੁਰ ਸੰਗਤਾਂ ਨਾਲ ਕੀਰਤਨ ਦੀ ਸਾਂਝ ਪਾਈ। ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਜੈਦੀਪ ਸਿੰਘ ਫਗਵਾੜਾ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੀਵਨ ਇਤਿਹਾਸ ਵਿੱਚੋਂ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ ਕਿਹਾ ਕੇ ਸਾਨੂੰ ਪੀਰੀ ਮੀਰੀ ਦੇ ਸੰਕਲਪ ਨੂੰ ਸਮਝਣਾ ਪਵੇਗਾ ਰਾਜਪਾਲ ਸਿੰਘ ਵਲੋਂ ਕਵਿਤਾ ਪੜੀ ਗਈ ਸਮਾਗਮ ਦੀ ਸੰਪੂਰਨਤਾ ਤੇ ਗੁਰਦੁਆਰਾ ਪ੍ਰਬੰਧ ਵਲੋਂ ਸੁੱਖਵਿੰਦਰ ਸਿੰਘ ਨੇ ਸੰਗਤਾਂ ਨੂੰ ਵਧਾਈ ਦਿਤੀ ਅਤੇ ਆਉਣ ਵਾਲੇ ਸਮਾਗਮਾਂ ਵਿਚ ਹਾਜ਼ਰੀ ਭਰਨ ਅਤੇ ਸਹਿਜੋਗ ਦੇਣ ਲਈ ਕਿਹਾ ਸਮਾਗਮ ਦੌਰਾਨ ਗੁਰੂ ਕਾ ਲੰਗਰ ਅਟੁੱਟ ਵਰਤਿਆ ਭਰਵੀ ਗਿਣਤੀ ਵਿਚ ਸੰਗਤਾਂ ਵਲੋਂ ਹਾਜ਼ਰੀ ਭਰੀ ਗਈ।

# ਕਰੋੜਾਂ ਰੁਪਏ ਦੇ ਕਣਕ ਘੁਟਾਲੇ ਦੀ ਪੜਤਾਲ ਕਾਪੀ ਸੋਸ਼ਲ ਮੀਡੀਆ ਉੱਤੇ ਵਾਇਰਲ

## * ਪਾਤੜਾਂ ਦੇ ਸੱਤ ਆੜ੍ਹਤੀਆਂ ਦੇ ਨਾਂਅ ਜੱਗ ਜ਼ਾਹਰ

ਪਾਤੜਾਂ, 30 ਜੂਨ (ਪੋਸਟ ਬਿਊਰੋ)- ਪਨਗ੍ਰੇਨ ਦੇ ਪਾਤੜਾਂ ਵਾਲੇ ਦਰਜਨ ਦੇ ਕਰੀਬ ਗੁਦਾਮਾਂ ਵਿੱਚ ਹੋਏ ਕਰੋੜਾਂ ਰੁਪਏ ਦੇ ਕਣਕ ਘੁਟਾਲੇ ਵਿੱਚ ਨਾਮਜ਼ਦ ਇੰਸਪੈਕਟਰ ਮਨੋਜ ਮਿੱਤਲ ਦਾ ਤਿੰਨ ਦਿਨਾਂ ਰਿਮਾਂਡ ਮਿਲਿਆ ਸੀ, ਜਿਸ ਨੂੰ ਜ਼ਿਲ੍ਹਾ ਪੁਲਸ ਮੁਖੀ ਦੇ ਆਰਡਰਾਂ ਉੱਤੇ ਪੁੱਛਗਿੱਛ ਲਈ ਜਿੱਥੇ ਸੀ ਆਈ ਏ ਪਟਿਆਲਾ ਦੇ ਹਵਾਲੇ ਕੀਤਾ ਗਿਆ। ਉਥੇ ਇਸ ਕੇਸ ਦੀ ਜਾਂਚ ਮਗਰੋਂ ਤਿਆਰ ਕੀਤੀ ਰਿਪੋਰਟ ਦੀ ਕਾਪੀ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਜਾਣ ਨਾਲ ਜਾਂਚ ਵਿੱਚ ਨਾਮਜ਼ਦ ਕੀਤੇ ਪਾਤੜਾਂ ਦੇ ਸੱਤ ਆੜ੍ਹਤੀਆਂ ਦੇ ਨਾਂਅ ਜਨਤਕ ਹੋ ਗਏ ਹਨ। ਇਸ ਦੌਰਾਨ ਇਸ ਕੇਸ ਦਾ ਸਾਹਮਣਾ ਕਰ ਰਹੇ ਸਹਾਇਕ ਫੂਡ ਸਪਲਾਈ ਅਫ਼ਸਰ ਮਨਜੀਤ ਸਿੰਘ ਵੱਲੋਂ ਅਦਾਲਤ ਵਿੱਚ ਲਾਈ ਗਈ ਅਗਾਊਂ ਜ਼ਮਾਨਤ ਦੀ ਅਰਜ਼ੀ ਤੇ ਸੈਸ਼ਨ ਜੱਜ ਪਟਿਆਲਾ ਨੇ ਫ਼ੈਸਲਾ ਅੱਗੇ ਪਾ ਦਿੱਤਾ ਹੈ।

ਵਰਨਣ ਯੋਗ ਹੈ ਕਿ ਇਸ ਕੇਸ ਵਿੱਚ ਢਿੱਲ ਵਰਤਣ ਦੇ ਸ਼ੱਕ ਕਾਰਨ ਇਹ ਕੇਸ ਇਲਾਕੇ ਦੇ ਕੁਝ ਲੋਕਾਂ ਨੇ ਜ਼ਿਲ੍ਹਾ ਪੁਲਸ ਮੁਖੀ ਦੇ ਧਿਆਨ ਵਿੱਚ ਲਿਆਂਦਾ ਤਾਂ ਇੰਸਪੈਕਟਰ ਮਨੋਜ ਮਿੱਤਲ ਦੇ ਤਿੰਨ ਦਿਨਾਂ ਦੇ ਪੁਲਸ ਰਿਮਾਂਡ ਉੱਤੇ ਉਸ ਨੂੰ ਪੁੱਛਗਿੱਛ ਲਈ ਸੀ ਆਈ ਏ ਸਟਾਫ਼ ਪਟਿਆਲਾ ਦੇ ਹਵਾਲੇ ਕਰ ਦਿੱਤਾ ਗਿਆ ਤੇ ਇਹ ਪੜਤਾਲ ਐਸ ਪੀ ਡੀ ਪਟਿਆਲਾ ਦੀ ਦੇਖ ਰੇਖ ਹੇਠ ਕੀਤੀ ਜਾ ਰਹੀ ਬਾਰੇ ਦੱਸਿਆਗਿਆ।

ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਰਿਪੋਰਟ ਅਨੁਸਾਰ ਘਪਲੇ ਵਿੱਚ ਆੜ੍ਹਤੀ ਨਰਿੰਦਰ ਕੁਮਾਰ, ਜਸਪਾਲ ਕੁਮਾਰ, ਰਾਕੇਸ਼ ਕੁਮਾਰ ਉਰਫ਼ ਨੀਟੂ, ਪ੍ਰਸ਼ੋਤਮ ਕੁਮਾਰ, ਅੰਮ੍ਰਿਤ ਕੁਮਾਰ, ਅਮਿਤ ਜੈਨ ਤੇ ਨਿਸ਼ਾਂਤ ਕੁਮਾਰ ਸ਼ਾਮਲ ਹਨ। ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਪੜਤਾਲ ਦੀ ਕਾਪੀ ਦੀ ਸਚਾਈ ਬਾਰੇ ਅਧਿਕਾਰੀਆਂ ਨੇ ਕਿਹਾ ਕਿ ਸਾਰੀ ਪੜਤਾਲ ਗੁਪਤ ਰੱਖੀ ਜਾ ਰਹੀ ਹੈ, ਕੱਲ੍ਹ ਇਸ ਦੀ ਕਾਪੀ ਕਿਸੇ ਨੇ ਅਦਾਲਤਤੋਂ ਲੈ ਕੇ ਲੀਕ ਕੀਤੀ ਗਈ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 9178375961 19
647-760-2769




STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013




## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 31 ਸਾਲ ਕੱਦ 5 ਫੁੱਟ 6 ਇੰਚ ਕੈਨੇਡੀਅਨ ਸਿਟੀਜ਼ਨ ਪਰਿਵਾਰਕ ਲੜਕੀ ਲਈ ਪੜ੍ਹੇ ਲਿਖੇ ਵੈੱਲ ਸੈਟਲਡ ਪਰਿਵਾਰਕ ਲੜਕੇ ਦੀ ਲੋੜ੍ਹ ਹੈ ਜਾਣਕਾਰੀ ਲਈ 6475268700, 4166253208

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇਂ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ


HAPPY
Canada Day
FRIDAY JULY 1st, 2022
JAGDISH GREWAL | Sales Representative | Call - (416)970-5005 | Email - jagdish@grewalhomes.com
JAS TOOR | Sales Representative | Call - (647)242-8667 | Email - realtorjastoor@gmail.com
Sutton
Century 21


afc
ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017


Fresh Bite & Meats
FRESH, CLEAN & SAFE QUALITY MEATS
SERVING BRAMPTON SINCE 8 YEARS
Afgani Chicken Tikka $8.99 lb.
Goat Leg $5.99 lb.
Amritsari Fish Pakora $5.99 lb.
and much more!
SERVING AT 3 LOCATIONS
25 KINGS CROSS RD, #1, BRAMPTON, ON | (905) 790-3486
25 CHERRY CREST DR, BRAMPTON , ON | 905-913-1114
65 BRAYDON BLVD, #7A, BRAMPTON, ON | 905-913-1221
SUNDAY - THURSDAY: 10AM - 10PM | FRIDAY - SATURDAY: 10AM - 11PM
WE DO CATERERING (MINIMUM 30 PEOPLE)
Visit: www.freshbiteandmeat.com


HAPPY CANADA DAY!
Kamal.khera@parl.gc.ca
905-454-4758
Hon. Kamal Khera
Member of Parliament - Brampton West


OURR
HOME & APPLIANCES
Exclusive Deal
ON THIS CANADA DAY
$4799
PLUS TAX
GRAB A FREE GIFT WITH THIS PACKAGE
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM
(416) 792-0877
(416) 551 3343


BRAMPTON CELEBRATES
CANADA DAY
JULY 1, 2022 • NOON-10PM
CHINGUACOUSY PARK
FUN, FAMILY ACTIVITIES
INFLATABLES
FOOD VENDORS
BEER GARDEN
SPECTACULAR
FIREWORKS DISPLAY
PRESENTED BY
Tim Hortons.
WATER RE-FILL STATIONS
PRESENTED BY
Meridian
GENEROUSLY SPONSORED BY
alectra
Bell
Coca-Cola Canada Bottling Limited
Brampton's Local Bottler
Kwality
SWEETS & RESTAURANT
GRAND INDIAN BUFFET
NOFRILLS
simplii
FINANCIAL
brampton.ca/canadaday
KARDINAL OFFISHALL
SNOTTY NOSE REZ KIDS
Funded by the Government of Canada
Canadä
BRAMPTON


ROYAL CANADIAN
International
CIRCUS
UNDER THE BIG TOP
July 21–August 28
ETOBICOKE, SCARBOROUGH, MISSISSAUGA, BURLINGTON
2 for 1
GENERAL ADMISSION
TICKETS
at www.royalcanadiancircus.ca
promo code Punjabi


HAPPY
CANADA DAY
ONTARIO
PC
HARDEEP
GREWAL
MPP BRAMPTON-EAST
AUTHORIZED BY THE BRAMPTON EAST RIDING ASSOCAIATION
(416) 843-2203
www.hardeepgrewal.com